Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
All Subject to Patiala Jurisdiction
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ

Editor : Jagpreet Singh • RNI/PUNPUN00806 • Issue Dated 12-04-2025 • Vol.43 No.15 • Ph. : 0175-2214575, 90410-14575 • Page : 16 E-mail : khetiduniyan1983@gmail.com



## ਮਾਰੂ ਸਾਬਤ ਹੋ ਸਕਦਾ ਹੈ ਝੋਨੇ ਦੀ ਅਗੇਤੀ ਲਵਾਈ ਦਾ ਫੈਸਲਾ

ਧਰਤੀ ਦੀ ਹਿੱਕ ਵਿਚੋਂ ਤੇਜ਼ੀ ਨਾਲ ਕੱਢੇ ਵਿਚੋਂ ਜਾ ਰਹੇ ਪਾਣੀ ਕਾਰਨ ਪਹਿਲਾਂ ਹੀ ਜ਼ਮੀਨਦੋਜ਼ ਪਾਣੀ ਦੇ ਗੰਭੀਰ ਸੰਕਟ ਨਾਲ ਜੂਝ ਰਹੇ ਸਰਹੱਦੀ ਸੂਬੇ ਪੰਜਾਬ ਲਈ ਝੋਨੇ ਦੀ ਅਗੇਤੀ ਲਵਾਈ ਦਾ ਫੈਸਲਾ ਹੋਰ ਮਾਰੂ ਸਾਬਤ ਹੋ ਸਕਦਾ ਹੈ। ਇਸ ਸੰਬੰਧੀ ਮਾਹਿਰਾਂ ਨੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਧਰਤੀ ਹੇਠੋਂ ਪਾਣੀ ਕੱਢਣ ਦਾ ਸਿਲਸਿਲਾ ਇਸੇ ਰਫਤਾਰ ਨਾਲ

★ ਪਹਿਲਾਂ ਹੀ ਚਿੰਤਾਜਨਕ ਹੱਦ ਤੱਕ ਡਿਗ ਚੁੱਕਾ ਹੈ ਧਰਤੀ ਹੇਠਲਾ ਪਾਣੀ ਦਾ ਪੱਧਰ ★ ਮਾਹਿਰਾਂ ਵਲੋਂ ਝੋਨੇ ਦੀ ਲਵਾਈ ਅੱਧ ਜੂਨ ਤੋਂ ਬਾਅਦ ਹੀ ਕਰਨ ਦੀ ਸਿਫਾਰਸ਼

ਜਾਰੀ ਰਿਹਾ ਤਾਂ ਆਉਣ ਵਾਲੇ ਕੁੱਝ ਸਾਲਾਂ ਅੰਦਰ ਹੀ ਪੰਜਾਬ ਮਾਰੂਥਲ ਬਣ ਜਾਵੇਗਾ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਅਗੇਤੇ ਝੋਨੇ ਦੀ ਖਰੀਦ ਸੰਬੰਧੀ ਦਿੱਕਤਾਂ ਦੇ ਹਵਾਲੇ ਨਾਲ ਝੋਨੇ ਦੀ ਲਵਾਈ ਪਹਿਲੀ ਜੂਨ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ, ਜਦਕਿ ਪਿਛਲੇ ਕੁੱਝ ਸਾਲਾਂ ਤੋਂ ਝੋਨੇ ਦੀ ਲਵਾਈ ਸਮਾਂ ਅੱਧ ਜੂਨ ਤੋਂ ਬਾਅਦ ਨਿਰਧਾਰਿਤ ਕੀਤਾ ਗਿਆ ਸੀ ਤੇ ਇਹ ਤਜ਼ਰਬਾ ਕਾਫੀ ਸਫਲ ਵੀ ਰਿਹਾ ਸੀ ਤੇ ਅੱਧ ਤੋਂ ਬਾਅਦ ਝੋਨਾ ਲਾਉਣ ਨਾਲ ਨਾ ਕੇਵਲ ਪਾਣੀ ਦੀ ਵੱਡੀ ਪੱਧਰ 'ਤੇ ਬੱਚਤ ਹੋਈ ਸੀ, ਬਲਕਿ ਘੱਟ ਲਾਗਤ ਨਾਲ ਵਧ ਝਾੜ ਨਿਕਲਣ ਕਾਰਨ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਵੀ ਫਾਇਦਾ ਹੋਇਆ ਸੀ। ਇਸ ਦੌਰਾਨ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ 'ਚ ਵੀ ਵੱਡੀ ਪੱਧਰ 'ਤੇ ਕਮੀ ਆਈ ਸੀ ਪਰ ਹੁਣ ਫਿਰ ਸਰਕਾਰ ਵਲੋਂ ਪਹਿਲੀ ਜੂਨ ਤੋਂ ਝੋਨੇ ਦੀ ਲਵਾਈ ਦੇ ਐਲਾਨ ਨਾਲ ਪੰਜਾਬ ਦੇ ਸੁਹਿਰਦ ਤੇ ਸੁਚੇਤ ਲੋਕਾਂ ਅੰਦਰ ਪਾਣੀ ਦੇ ਸੰਕਟ ਨੂੰ ਲੈ ਕੇ ਚਿੰਤਾ ਪੈਦਾ ਹੋ ਗਈ ਹੈ। ਹਾਲਾਂਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਦੇ ਮਾਹਿਰਾਂ ਵਲੋਂ ਇਸ ਸਾਲ ਵੀ ਸੂਬੇ ਅੰਦਰ ਝੋਨੇ ਦੀ ਲਵਾਈ 20 ਜੂਨ ਤੋਂ ਬਾਅਦ ਸ਼ੁਰੂ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ।

## ਰਹਿੰਦ-ਖੂੰਹਦ ਦੀ ਸੰਭਾਲ ਲਈ ਪੀ.ਏ.ਯੂ. ਵੱਲੋਂ ਤਕਨੀਕ ਇਜ਼ਾਦ

ਪੀ ਏ ਯੂ ਨੇ ਦਰੱਖਤਾਂ ਦੇ ਝੜੇ ਹੋਏ ਪੱਤਿਆਂ ਦੀ ਸੁਚੱਜੀ ਵਰਤੋਂ ਲਈ ਮਸ਼ੀਨੀ ਤਕਨੀਕ ਇਜ਼ਾਦ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਦੱਸਿਆ





ਕਿ ਇਹ ਤਕਨੀਕ ਰਹਿੰਦ-ਖੂੰਹਦ ਦੀ ਸੰਭਾਲ ਅਤੇ ਵਾਤਾਵਰਨ ਪ੍ਰਬੰਧਨ ਦੀ ਦਿਸ਼ਾ 'ਚ ਮਹੱਤਵਪੂਰਨ ਕਦਮ ਹੈ। ਇਨ੍ਹਾਂ ਕੰਪੋਸਟਿੰਗ ਤਕਨੀਕਾਂ ਨੂੰ ਅਪਨਾ ਕੇ ਵਾਤਾਵਰਨ ਦੀ ਸਥਿਰਤਾ ਦੀ ਦਿਸ਼ਾ 'ਚ ਦਿਸ਼ਾ 'ਚ ਨਾ ਸਿਰਫ ਅੱਗੇ ਵਧਿਆ ਜਾ ਸਕਦਾ ਹੈ ਬਲਕਿ ਇਸ ਨੂੰ ਸਰੋਤਾਂ ਦੀ ਸੰਭਾਲ ਪੱਖੋਂ ਵੀ ਅਹਿਮ ਪ੍ਰਾਪਤੀ ਗਿਣਿਆ ਜਾਣਾ ਚਾਹੀਦਾ ਹੈ। ਦਰੱਖਤਾਂ ਦੇ ਝੜੇ ਹੋਏ ਪੱਤੇ ਜੈਵਿਕ ਖਾਦ 'ਚ ਬਦਲਣ ਦੀ ਇਹ ਤਕਨੀਕ ਦੀ ਜਾਣ-ਪਛਾਣ ਕਰਵਾ ਕੇ ਇਕ ਸੰਸਥਾ ਵਜੋਂ ਪੀ ਏ ਯੂ ਹੋਰ ਸੰਸਥਾਵਾਂ ਅਤੇ ਸਮਾਜ ਲਈ ਮਿਸਾਲ ਪੇਸ਼ ਕਰ ਰਹੀ ਹੈ। ਗਰਮੀ ਰੁੱਤ 'ਚ ਪਤਝੜੀ ਬੂਟਿਆਂ ਤੇ ਪੱਤਿਆਂ ਦਾ ਡਿੱਗਣਾ ਵਿਸ਼ੇਸ਼ ਤੌਰ 'ਤੇ ਮਾਰਚ-ਅਪ੍ਰੈਲ ਮਹੀਨੇ ਵਿਚ ਜਾਰੀ ਰਹਿੰਦਾ ਹੈ। ਰਵਾਇਤੀ ਤੌਰ 'ਤੇ ਇਨ੍ਹਾਂ ਪੱਤਿਆਂ ਨੂੰ ਨਸ਼ਟ ਕਰਨ ਲਈ ਕਈ ਤਕਨੀਕਾਂ ਅਪਣਾਈਆਂ ਜਾਂਦੀਆਂ ਰਹੀਆਂ ਹਨ ਜਿਨ੍ਹਾਂ ਨਾਲ ਇਸ ਜੈਵਿਕ ਰਹਿੰਦ-ਖੂੰਹਦ ਨਸ਼ਟ ਹੋਣ 'ਚ ਕਾਫੀ ਸਮਾਂ ਲੱਗਦਾ ਹੈ। ਪੱਤਿਆਂ ਨੂੰ ਡੀਕੰਪੋਸਟ ਕਰਨ ਵਾਲੀ ਨਵੀਂ ਮਸ਼ੀਨ ਦੇ ਨਾਲ ਹੀ ਲੀਫ ਸ਼ਰੈਡਰ ਨੂੰ ਵੀ ਸਾਹਮਣੇ ਲਿਆਂਦਾ ਗਿਆ ਜਿਹੜੀ ਪੱਤਿਆਂ ਅਤੇ ਬਰੀਕ ਟਾਹਣੀਆਂ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਕੱਟਦੀ ਹੈ, ਇਸ ਨਾਲ ਵਿਸ਼ੇਸ਼ ਤੌਰ 'ਤੇ ਵਿਕਸਿਤ ਕੀਤੇ ਮਾਇਕ੍ਰੋਬਾਇਲ ਫਾਰਮੂਲੇਸ਼ਨ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਨਸ਼ਟ ਹੋਣ ਦੀ ਪ੍ਰਕਿਰਿਆ ਸੁਖੈਨ ਹੋ ਜਾਂਦੀ ਹੈ ਅਤੇ ਇਹ ਮਿਸ਼ਰਣ ਖਾਦ 'ਚ ਤਬਦੀਲ ਹੋ ਜਾਂਦਾ ਹੈ।

ਮਿਲਖ ਅਧਿਕਾਰੀ ਡਾ. ਰਿਸ਼ੀਇੰਦਰਾ ਸਿੰਘ ਗਿੱਲ ਨੇ ਕਿਹਾ ਕਿ ਮਾਇਕ੍ਰੋਬਾਇਆਲੋਜੀ ਵਿਭਾਗ ਨੇ ਭੂਮੀ ਵਿਗਿਆਨ ਦੇ ਸਹਿਯੋਗ ਨਾਲ ਖਾਦ ਬਨਾਉਣ ਲਈ ਵਰਤੇ ਜਾਣ ਵਾਲੇ ਇਸ ਫਾਰਮੂਲੇਸ਼ਨ ਦਾ ਵਿਕਾਸ ਸੰਭਵ ਹੋਇਆ। ਉਨ੍ਹਾਂ ਦੱਸਿਆ ਕਿ ਇਕ ਮਹੀਨੇ ਤੱਕ ਪੱਤਿਆਂ ਨੂੰ ਇਸ ਘੋਲ ਅਤੇ ਡੀਕੰਪੋਜ਼ਰ ਦੀ ਵਰਤੋਂ ਕਰਕੇ ਪੋਸ਼ਕ ਤੱਤਾਂ ਨਾਲ ਭਰਪੂਰ ਖਾਦ ਵਿਚ ਤਬਦੀਲੀ ਕੀਤਾ ਜਾ ਸਕਦਾ ਹੈ। ਰਵਾਇਤੀ ਤੌਰ 'ਤੇ ਪੱਤਿਆਂ 'ਚ ਨਾਈਟ੍ਰੋਜਨ ਤੱਤਾਂ ਦੀ ਘੱਟ ਮਿਕਦਾਰ ਪਾਈ ਜਾਂਦੀ ਸੀ ਪਰ ਨਵੀਨ ਕੰਪੋਸਟਿੰਗ ਮਸ਼ੀਨ ਅਤੇ ਮਾਇਕ੍ਰੋਬਾਇਲ ਘੋਲ ਦੀ ਵਰਤੋਂ ਨਾਲ ਨਾਈਟ੍ਰੋਜਨ ਅਤੇ ਫਾਸਫੋਰਸ ਤੱਤਾਂ 'ਚ ਵਾਧਾ ਦੇਖਿਆ ਗਿਆ। ਇਸ ਤੋਂ ਇਲਾਵਾ ਜ਼ਿੰਕ, ਕਾਪਰ ਅਤੇ ਮੈਂਗਨੀਜ਼ ਵੀ ਇਸ ਖਾਦ 'ਚ ਭਰਪੂਰ ਮਾਤਰਾ ਵਿਚ ਪਾਏ ਗਏ। ਇਹ ਉੱਦਮ ਉੱਘੇ ਵਾਤਾਵਰਨ ਪ੍ਰੇਮੀ ਕਰਨਲ ਜਸਜੀਤ ਸਿੰਘ ਗਿੱਲ ਦੇ ਯਤਨਾਂ ਸਦਕਾ ਸੰਭਵ ਹੋ ਸਕਿਆ ਹੈ। ਉਨ੍ਹਾਂ ਦੀਆਂ ਰਾਵਾਂ ਅਤੇ ਸੁਝਾਵਾਂ ਨੇ ਲੁਧਿਆਣਾ ਮਿਊਂਸੀਪਲ ਕਾਰਪੋਰੇਸ਼ਨ 'ਚ ਇਨ੍ਹਾਂ ਮਸ਼ੀਨਾਂ ਦੀ ਯੋਗ ਵਰਤੋਂ ਸੰਭਵ ਬਣਾਈ। ਡਾ. ਰਿਸ਼ੀਇੰਦਰਾ ਸਿੰਘ ਗਿੱਲ ਨੇ ਕਰਨਲ ਜਸਜੀਤ ਸਿੰਘ ਗਿੱਲ ਦੀਆਂ ਕੋਸ਼ਿਸ਼ਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਵਾਤਾਵਰਨ ਦੀ ਸੰਭਾਲ ਲਈ ਯੋਗਦਾਨ ਪਾਉਣ ਵਾਲੇ ਸੱਚੇ ਵਾਤਾਵਰਨ ਪ੍ਰੇਮੀ ਕਿਹਾ।



# ਕਿਵੇਂ ਕਰੀਏ ਤਿਲਾਂ ਦੀ ਸਫਲ ਕਾਸ਼ਤ?

ਡਾ. ਹਰਪਾਲ ਸਿੰਘ ਰੰਧਾਵਾ ਪੀ.ਏ.ਯੂ. ਖੇਤਰੀ ਖੋਜ ਕੇਂਦਰ, ਗੁਰਦਾਸਪੁਰ ਅਤੇ ਵਰਿੰਦਰ ਸਰਦਾਨਾ, ਤੇਲ ਬੀਜ ਸ਼ਾਖਾ ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ. ਲੁਧਿਆਣਾ (ਫੋਨ : 8872003010)

ਤਿਲਾਂ ਦੀ ਖੇਤੀ ਆਮ ਤੌਰ ਤੇ ਮਾੜੀ ਜ਼ਮੀਨ ਵਿਚ ਹੀ ਕੀਤੀ ਜਾਂਦੀ ਹੈ ਅਤੇ ਫਸਲ ਵੱਲ ਬਹੁਤ ਧਿਆਨ ਨਹੀਂ ਦਿੱਤਾ ਜਾਂਦਾ ਹੈ, ਇਸੇ ਤਿਲਾਂ ਦਾ ਔਸਤਨ ਝਾੜ ਘੱਟ ਹੈ । ਇਸ ਲਈ ਇਸ ਲੇਖ ਵਿਚ ਕਿਸਾਨ ਵੀਰਾਂ ਨਾਲ ਤਿਲਾਂ ਦੀ ਸਫਲ ਕਾਸ਼ਤ ਬਾਰੇ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ ।



**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਬਿਜਾਈ ਰੌਣੀ ਤੋਂ ਬਾਅਦ ਜਾਂ ਮੌਨਸੂਨ ਸ਼ੁਰੂ ਹੋਣ ਤੇ ਜੁਲਾਈ ਦੇ ਪਹਿਲੇ ਪੰਦਰੂਵਾੜੇ ਵਿਚ ਕਰੋ । ਪ੍ਰਤੀ ਏਕੜ ਇਕ ਕਿਲੋ ਬੀਜ ਦੀ ਵਰਤੋਂ ਕਰੋ ਅਤੇ ਲਾਈਨਾਂ ਅਤੇ ਬੂਟੇ ਤੋਂ ਬੂਟੇ ਫਾਸਲਾਂ 30×15 ਸੈਂਟੀਮੀਟਰ ਰੱਖੋ । ਚੰਗਾ ਫਸਲ ਲੈਣ ਲਈ ਬਿਜਾਈ ਪੋਰੇ ਜਾਂ ਡਰਿੱਲ ਨਾਲ 4 ਤੋਂ 5 ਸੈਂਟੀਮੀਟਰ ਡੂੰਘੀ ਕਰੋ । ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 3 ਹਫਤਿਆਂ ਪਿੱਛੋਂ ਗੋਡੀ ਕਰੋ ।

**ਖਾਦਾਂ** : ਬਿਜਾਈ ਸਮੇਂ 21 ਕਿਲੋ ਨਾਈਟਰੋਜਨ ਤੱਤ (45 ਕਿਲੋ ਯੂਰੀਆ) ਪ੍ਰਤੀ ਏਕੜ ਡਰਿਲ ਨਾਲ ਪਾਉ । ਜ਼ਿਆਦਾ ਖਾਦ ਨਾਲ ਫਸਲ ਦਾ ਫੈਲਾਅ ਬਹੁਤ ਵਧਦਾ ਹੈ ਅਤੇ ਫਲੀਆਂ ਘੱਟ ਪੈਂਦੀਆਂ ਹਨ ।

**ਵਢਾਈ ਅਤੇ ਝੜਾਈ** : ਜਦੋਂ ਪੌਦੇ ਪੀਲੇ ਪੈ ਜਾਂਦੇ ਹਨ ਤਾਂ ਇਹਨੂੰ ਵੱਢ ਕੇ ਨਿੱਕੇ-ਨਿੱਕੇ ਪੂਲੇ ਬਣਾ ਕੇ ਸਿੱਧੇ ਖੜੇ ਕਰੋ । ਪੂਲਿਆਂ ਨੂੰ ਸੁਕਾ ਕੇ ਦੋ ਝੜਾਈਆਂ ਨਾਲ ਸਾਰੇ ਤਿਲ ਝੜ ਜਾਂਦੇ ਹਨ ।

**ਮੁੱਖ ਕੀੜੇ**

**ਪੱਤੇ ਦਾ ਜਾਲਾ ਜਾਂ ਫਲੀ ਦਾ ਗੜੂੰਆਂ** : ਕੀੜੇ ਦਾ ਪਤੰਗਾ ਦਰਮਿਆਨੇ ਅਕਾਰ ਦਾ ਹੁੰਦਾ ਹੈ ਅਤੇ ਅਗਲੇ ਖੰਭ ਲਾਲ ਭੂਰੇ ਰੰਗ ਦੇ ਹੁੰਦੇ ਹਨ । ਛੋਟੀਆਂ ਸੁੰਡੀਆਂ ਟੀ ਸੀ ਦੇ 2-3 ਪੱਤਿਆਂ ਦੀਆਂ ਨੋਕਾਂ ਨੂੰ ਜਾਲੇ ਨਾਲ ਜੋੜ ਕੇ ਉਨ੍ਹਾਂ ਵਿਚੋਂ ਹਰਾ ਮਾਦਾ ਖਾਂਦੀਆਂ ਹਨ । ਜੇ ਇਸ ਕੀੜੇ ਦਾ ਹਮਲਾ ਬਿਜਾਈ ਤੋਂ ਛੇਤੀ ਬਾਅਦ ਹੋ ਜਾਵੇ ਤਾਂ ਟਾਹਣੀਆਂ ਨਿਕਲਣ ਤੋਂ ਪਹਿਲਾਂ ਹੀ ਬੂਟਾ ਮਰ ਜਾਂਦਾ ਹੈ । ਪਿਛੇਤੇ ਹਮਲੇ ਦੀ ਸੂਰਤ ਵਿਚ ਇਹ ਸੁੰਡੀਆਂ ਫੁੱਲਾਂ ਨੂੰ ਖਾਂਦੀਆਂ ਹਨ ਜਾਂ ਫਲੀਆਂ ਵਿਚ ਮੋਰੀਆਂ ਕਰਕੇ ਬਣ ਰਹੇ ਦਾਨਿਆਂ ਨੂੰ ਖਾਂਦੀਆਂ ਹਨ । ਫਸਲ ਨੂੰ ਇਸ ਕੀੜੇ ਤੋਂ ਬਚਾਉਣ ਲਈ ਫਸਲ ਦੀ ਬਿਜਾਈ ਰੌਣੀ ਤੋਂ ਬਾਅਦ ਜਾਂ ਮੌਨਸੂਨ ਸ਼ੁਰੂ ਹੋਣ ਤੇ ਜੁਲਾਈ ਦੇ ਪਹਿਲੇ ਪੰਦਰਵਾੜੇ ਵਿਚ ਕਰੋ ।

**ਤੇਲਾ** : ਇਹ ਕੀੜਾ ਪੱਤਿਆਂ ਦਾ ਰਸ ਚੂਸ ਕੇ ਨੁਕਸਾਨ ਕਰਦਾ ਹੈ । ਇਹ ਵਿਸ਼ਾਣੂ ਮਾਦਾ ਵੀ ਛੱਡਦਾ ਹੈ, ਜਿਸ ਦਾ ਫੁੱਲਾਂ ਉੱਪਰ ਮਾੜਾ ਅਸਰ ਪੈਂਦਾ ਹੈ ਅਤੇ ਫਲ ਚੰਗਾ ਨਹੀਂ ਪੈਂਦਾ । ਅਗੇਤੀ ਫਸਲ ਤੇ ਤੇਲੇ ਦਾ ਹਮਲਾ ਜ਼ਿਆਦਾ ਹੁੰਦਾ ਹੈ, ਇਸ ਲਈ ਅਗੇਤੀ ਫਸਲ ਦੀ ਬਿਜਾਈ ਨਾ ਕਰੋ ।



**ਬਿਮਾਰੀਆਂ**

**ਫਾਈਲੋਡੀ** : ਬਿਮਾਰੀ ਕਾਰਨ ਫੁੱਲ ਪੱਤਿਆਂ ਵਰਗੀ ਸ਼ਕਲ ਅਖਤਿਆਰ ਕਰ ਲੈਂਦੇ ਹਨ ਅਤੇ ਫਲੀਆਂ ਨਹੀਂ ਬਣਦੀਆਂ । ਇਸ ਦੇ ਜੀਵਾਣੂੰ ਬਿਮਾਰ ਬੂਟਿਆਂ ਤੋਂ ਤੰਦਰੁਸਤ ਬੂਟਿਆਂ ਤੇ ਤੇਲੇ ਦੁਆਰਾ ਫੈਲਦੇ ਹਨ । ਫਸਲ ਦੀ ਬਿਜਾਈ ਸਮੇਂ ਸਿਰ ਹੀ ਕਰੋ ਅਤੇ ਰੋਗੀ ਬੂਟੇ ਪੁੱਟਦੇ ਰਹੋ ।

**ਝੁਲਸ ਰੋਗ** : ਬਿਮਾਰੀ ਦੇ ਸ਼ੁਰੂ ਵਿਚ ਪੱਤਿਆਂ ਉੱਪਰ ਪਾਣੀ ਭਿੱਜੇ ਟੇਡੇ ਧੱਬੇ, ਜਿਹੜੇ ਵਿਚਕਾਰੋਂ ਹਲਕੇ ਤੇ ਸਿਰਿਆਂ ਤੋਂ ਗੂੜ੍ਹੇ ਭੂਰੇ ਰੰਗ ਦੇ ਹੁੰਦੇ ਹਨ, ਪੈ ਜਾਂਦੇ ਹਨ । ਧੱਬੇ ਪੱਤਿਆਂ ਦੀਆਂ ਡੰਡੀਆਂ, ਤਣੇ ਅਤੇ ਫਲੀਆਂ ਤੇ ਵੀ ਪੈ ਜਾਂਦੇ ਹਨ ਅਤੇ ਦਾਨਿਆਂ ਦਾ ਅਕਾਰ ਵੀ ਛੋਟਾ ਰਹਿ ਜਾਂਦਾ ਹੈ । ਬਿਮਾਰੀ ਵਾਲੇ ਬੂਟੇ ਝੁਲਸੇ ਨਜ਼ਰ ਆਉਂਦੇ ਹਨ ਅਤੇ ਪੱਤੇ ਸੜ ਕੇ ਡਿੱਗ ਜਾਂਦੇ ਹਨ । ਫਸਲ ਨੂੰ ਬਿਮਾਰੀ ਤੋਂ ਬਚਾਉਣ ਲਈ ਯੂਰੀਆ ਖਾਦ (ਬਿਜਾਈ ਤੋਂ ਪਹਿਲਾ 21 ਕਿਲੋ ਨਾਈਟ੍ਰੋਜਨ ਤੱਤ (45 ਕਿਲੋ ਯੂਰੀਆ) ਪ੍ਰਤੀ ਏਕੜ ਪਾਓ ।) ਜ਼ਿਆਦਾ ਖਾਦ ਨਾ ਵਰਤੋ ਅਤੇ ਫਸਲ ਦੇ ਆਲੇ ਦੁਆਲੇ ਨਦੀਨ ਨਾ ਉੱਗਣ ।

**ਉੱਨਤ ਕਿਸਮਾਂ**

| ਕਿਸਮ | ਵਿਸ਼ੇਸ਼ ਗੁਣ | ਝਾੜ/ਏਕੜ (ਕੁਇੰਟਲ) |
|---|---|---|
| ਪੰਜਾਬ ਤਿਲ ਨੰ. 2 | ਫਲੀਆਂ ਲੰਮੀਆਂ, ਲੂੰ ਰਹਿਤ ਅਤੇ ਵਧੇਰੇ ਅਤੇ ਆਹਮਣੇ ਸਾਹਮਣੇ ਲੱਗਦੀਆਂ, ਬੀਜ ਨਰਮ ਅਤੇ ਖਾਣ ਵਿਚ ਸੁਆਦ ਹੁੰਦੇ ਹਨ ਅਤੇ ਫੁੱਲਾਂ ਦਾ ਰੋਗ (ਫਾਇਲੋਡੀ) ਅਤੇ ਝੁਲਸ ਰੋਗ ਘੱਟ ਲੱਗਦੇ ਹਨ । | 2.80 |
| ਆਰ ਟੀ 346 | ਫਲੀਆਂ ਲੰਮੀਆਂ, ਲੂੰ ਰਹਿਤ ਫਲੀਆਂ ਹੁੰਦੀਆਂ ਹਨ ਜੋ ਇਕ-ਇਕ ਛੱਡ ਕੇ ਲੱਗਦੀਆਂ ਬੀਜ ਚਿੱਟੇ ਅਤੇ ਮੋਟੇ ਹੁੰਦੇ ਹਨ ਅਤੇ ਫਲੀ ਦੇ ਗੜੂੰਏਂ ਦਾ ਹਮਲਾ ਘੱਟ ਹੁੰਦਾ ਹੈ । | 2.60 |



# ਨਵੇਂ ਲਗਾਏ ਫਲਦਾਰ ਬੂਟਿਆਂ ਦੀ ਦੇਖ-ਭਾਲ

ਸਵਰੀਤ ਖਹਿਰਾ ਅਤੇ ਪਰਵਿੰਦਰ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ (ਮੋ. 88723-83400)

**ਬਾਗ ਤੋਂ ਲੰਬੇ ਸਮੇਂ ਤੱਕ ਮੁਨਾਫਾ ਕਮਾਉਣ ਲਈ, ਫਲਦਾਰ ਬੂਟਿਆਂ ਦੀ ਸਹੀ ਤਰੀਕੇ ਨਾਲ ਸਾਂਭ-ਸੰਭਾਲ ਕਰਨੀ ਬਹੁਤ ਜ਼ਰੂਰੀ ਹੈ । ਵੈਸੇ ਤਾਂ ਫੱਲਦਾਰ ਬੂਟੇ ਹਰ ਉਮਰ ਵਿਚ ਸਹੀ ਦੇਖਭਾਲ ਮੰਗਦੇ ਹਨ ਪਰ ਨਵੇਂ ਲਗਾਏ ਬੂਟੇ ਨਾਜ਼ੁਕ ਹੋਣ ਕਾਰਨ ਕੁਝ ਵੱਧ ਧਿਆਨ ਮੰਗਦੇ ਹਨ । ਜੇ ਇਹਨਾਂ ਨੂੰ ਸਹੀ ਧਿਆਨ ਨਾ ਦਿੱਤਾ ਤਾਂ ਇਹਨਾਂ ਦਾ ਪੂਰਾ ਵਾਧਾ ਨਹੀਂ ਹੁੰਦਾ ਅਤੇ ਕਈ ਵਾਰੀ ਬੂਟੇ ਨਿੱਕੀ ਜਿਹੀ ਅਣਗਹਿਲੀ ਕਾਰਨ ਮਰ ਵੀ ਜਾਂਦੇ ਹਨ । ਸਦਾਬਹਾਰ ਫਲਦਾਰ ਬੂਟੇ ਜੋ ਸਤੰਬਰ-ਅਕਤੂਬਰ ਵਿਚ ਲਗਾਏ ਜਾਂਦੇ ਹਨ ਉਹਨਾਂ ਦੀ ਸਥਿਤੀ ਲਈ ਇਸ ਲੇਖ ਵਿਚ ਦਿੱਤੇ ਨੁਕਤੇ ਅਪਨਾਉਣੇ ਚਾਹੀਦੇ ਹਨ ।**

**ਬੂਟਿਆਂ ਦਾ ਨਦੀਨ ਅਤੇ ਖਾਦ ਪ੍ਰਬੰਧ** : ਬਾਗਾਂ ਵਿੱਚੋਂ ਨਦੀਨਾਂ ਦੀ ਰੋਕਥਾਮ ਗੋਡੀ ਕਰਕੇ, ਹਲਕੀ ਵਾਹੀ ਕਰਕੇ, ਅੰਤਰ ਫਸਲਾਂ ਦੀ ਕਾਸ਼ਤ ਅਤੇਨਦੀਨ ਨਾਸ਼ਕ ਰਾਹੀਂ ਕੀਤੀ ਜਾ ਸਕਦੀ ਹੈ । ਸਦਾਬਹਾਰ ਫਲਦਾਰ ਬੂਟੇ ਪੱਤੇ ਨਹੀਂ ਝਾੜਦੇ ਪਰ ਠੰਡੇ ਮੌਸਮ ਵਿਚ ਇਹਨਾਂ ਦਾ ਵਿਕਾਸ ਰੁਕ ਜਾਂਦਾ ਹੈ । ਖਾਦਾਂ ਵਿੱਚੋਂ ਠੰਡੇ ਮੌਸਮ ਵਿਚ ਸਭ ਤੋ ਜ਼ਰੂਰੀ ਰੂੜੀ ਦੀ ਖਾਦ ਹੈ ਕਿਉਂਕਿ ਇਹ ਬੂਟੇ ਨੂੰ ਵੱਖ-ਵੱਖ ਲਾਜ਼ਮੀ ਖੁਰਾਕੀ ਤੱਕ ਪ੍ਰਧਾਨ ਕਰਕੇ ਬੂਟਿਆਂ ਨੂੰ ਸਿਹਤਮੰਦ ਰੱਖਦੀ ਹੈ । ਫਲਦਾਰ ਬੂਟਿਆਂ ਨੂੰ ਯੂਨੀਵਰਸਿਟੀ ਵਲੋਂ ਸਿਫਾਰਸ਼ ਕੀਤੀਆਂ ਖਾਦਾਂ ਸਮੇਂ ਸਿਰ ਪਾਉ ।

**ਬੂਟਿਆਂ ਦਾ ਸਿੰਚਾਈ ਪ੍ਰਬੰਧ** : ਸਿੰਚਾਈ ਹਮੇਸ਼ਾ ਓਨੀ ਹੀ ਕਰੋ ਜਿਹੜੀ ਬੂਟਿਆਂ ਦੀਆਂ ਜੜ੍ਹਾਂ ਨੂੰ ਗਿੱਲੀਆਂ ਕਰੇ ਅਤੇ ਜ਼ਮੀਨ ਵਿਚ ਨਮੀ ਨੂੰ ਬਰਕਰਾਰ ਰੱਖੇ । ਕਈ ਵਾਰ ਵੱਧ ਸਿੰਚਾਈ ਨਾਲ ਪਾਣੀ ਬਾਗ ਵਿਚ ਖੜ੍ਹਾ ਰਹਿੰਦਾ ਹੈ ਅਤੇ ਇਸ ਸਮੱਸਿਆ ਦਾ ਬੂਟਿਆਂ ਤੇ ਬਹੁਤ ਹੀ ਮਾੜਾ ਅਸਰ ਪੈਂਦਾ ਹੈ । ਇਸ ਹਾਲਤ ਵਿਚ ਫਲਦਾਰ ਬੂਟੇ ਬਿਮਾਰੀ ਦੀਆਂ ਨਿਸ਼ਾਨੀਆਂ ਵੀ ਜਲਦੀ ਵਖਾਉਣ ਲਗ ਪੈਂਦੇ ਹਨ । ਪਪੀਤੇ ਵਰਗੇ ਸੰਵੇਦਨਸ਼ੀਨ ਫਲਦਾਰ ਬੂਟਿਆਂ ਤੇ ਖੜ੍ਹੇ ਪਾਣੀ ਦਾ ਅਸਰ ਜ਼ਿਆਦਾ ਹੁੰਦਾ ਹੈ ਅਤੇ ਇਕ ਦੋ ਦਿਨਾਂ ਵਿਚ ਹੀ ਬੂਟੇ ਮਰ ਜਾਂਦੇ ਹਨ ।

**ਬੂਟਿਆਂ ਦਾ ਨਰੀਖਣ ਅਤੇ ਵਾਹੀ** :

★ ਬਾਗ ਦੇ ਨਿਰੀਖਣ ਦੌਰਾਨ ਦੇਖਣਾ ਚਾਹੀਦਾ ਹੈ ਕਿ ਬੂਟੇ ਦੇ ਜੜ੍ਹ ਮੁੱਢ ਤੋਂ ਕੋਈ ਫੁਟਾਰਾ ਤਾਂ ਨਹੀਂ ਨਿਕਲ ਰਿਹਾ । ਜੇ ਜੜ੍ਹ ਮੁੱਢ ਤੋਂ ਕੋਈ ਫੁਟਾਰਾ ਨਿਕਲਿਆ ਹੋਵੇ ਤਾਂ ਉਸ ਨੂੰ ਬੜੀ ਸਾਵਧਾਨੀ ਨਾਲ ਕੱਢ ਦਿਓ । ਮੁੱਢੇ ਫੁੱਟਣ ਵਾਲੀਆਂ ਸ਼ਾਖਾਵਾਂ ਲਗਾਤਾਰ ਕੱਟਦੇ ਰਹੋ ।

★ ਬਿਮਾਰ ਅਤੇ ਸੁੱਕੇ ਹੋਏ ਹਿੱਸੇ ਦੀ ਧਿਆਨ ਨਾਲ ਕਾਂਟ-ਛਾਂਟ ਕਰੋ ।

★ ਨਵੇਂ ਲਾਏ ਬੂਟਿਆਂ ਨੂੰ ਸਿੱਧਾ ਖੜ੍ਹਾ ਰੱਖਣ ਲਈ ਸਹਾਰੇ ਦੀ ਲੋੜ ਹੁੰਦੀ ਹੈ । ਸਹਾਰਾ ਦੇਣ ਲਈ ਮਜ਼ਬੂਤ ਸੋਟੀ ਦਾ ਇਸਤੇਮਾਲ ਕਰੋ ਅਤੇ ਸੋਟੀ ਨੂੰ ਬੂਟੇ ਦੇ ਨੇੜੇ ਚੰਗੀ ਤਰ੍ਹਾਂ ਜ਼ਮੀਨ ਵਿਚ ਗੱਡੋ ਤੇ ਬੂਟੇ ਨੂੰ ਰੱਸੀ ਨਾਲ ਬਣ ਦਿਓ ।

★ ਸੁੱਕ ਚੁੱਕੇ ਜਾਂ ਮਰ ਗਏ ਪੌਦਿਆਂ ਨੂੰ ਲਗਾਤਾਰ ਪੂਰਦੇ ਰਹੋ ਤਾਂ ਕਿ ਬਾਗ ਇਕਸਾਰ ਬਣਿਆ ਰਹੇ ।

★ ਨਦੀਨਾਂ ਦੀ ਰੋਕਥਾਮ ਲਈ ਅਤੇ ਕੀੜੇ-ਮਕੌੜਿਆਂ ਨੂੰ ਖਤਮ ਕਰਨ ਲਈ ਬਾਗ ਦੀ ਵਾਹੀ ਬਹੁਤ ਹੀ ਮਹੱਤਵਪੂਰਨ ਸਾਬਿਤ ਹੁੰਦੀ । ਵਾਹੀ ਤੋਂ ਬਾਅਦ ਖੇਤ ਨੂੰ ਧੁੱਪ ਲੱਗਣ ਨਾਲ ਮਿੱਟੀ ਖੁੱਲ੍ਹ ਜਾਂਦੀ ਹੈ ।

★ ਬਾਗ ਵਾਹੁਣ ਨਾਲ ਵੱਤਰ ਅਵਸਥਾ ਵਿਚ ਆ ਜਾਂਦਾ ਹੈ । ਵਾਹੀ ਕਰਨ ਨਾਲ ਮਿੱਟੀ ਵਿਚ ਹਵਾ ਦਾ ਦੌਰਾ ਵੱਧ ਜਾਂਦਾ ਹੈ ਅਤੇ ਬੂਟੇ ਚੰਗੇ ਵੱਧਦੇ ਫੁੱਲਦੇ ਹਨ । ਬਾਗ ਵਿਚ ਟਰੈਕਟਰ ਨਾਲ ਵਾਹੀ ਉੱਪਰ ਉੱਪਰ ਅਤੇ ਬੂਟਿਆਂ ਵਿਚਕਾਰ ਧਿਆਨ ਨਾਲ ਕਰਨੀ ਚਾਹੀਦੀ ਹੈ ਤਾਂ ਜੋ ਬੂਟੇ ਦੀਆਂ ਜੜ੍ਹਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ ।

★ ਖੇਤ ਨੂੰ ਚੰਗੀ ਤਰ੍ਹਾਂ ਵਾਹ ਕੇ ਪਿੱਛੋਂ ਫਾਲਤੂ ਜੜ੍ਹੀ ਬੂਟੀਆਂ ਹੱਥ ਨਾਲ ਚੁਗ ਲਓ ।

ਇਸ ਤੋਂ ਇਲਾਵਾ ਬੂਟਿਆਂ ਨੂੰ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਸਿਫਾਰਸ਼ ਕੀਤੇ ਉਲੀਨਾਸ਼ਕਾਂ ਦਾ ਛਿੜਕਾਅ ਕਰੋ । ਇਹਨਾਂ ਸਾਰੀਆਂ ਗੱਲਾਂ ਦਾ ਧਿਆਨ ਰੱਖਕੇ ਬੂਟਿਆਂ ਨੂੰ ਸਿਹਤਮੰਦ ਰੱਖੋ ਤਾਂ ਜੋ ਬਾਗਬਾਨ ਨੂੰ ਵਧੇਰੇ ਮੁਨਾਫਾ ਹੋ ਸਕੇ ।



# ਨਰਮੇ-ਕਪਾਹ ਤੋਂ ਵੱਧ ਝਾੜ ਲੈਣ ਲਈ ਵਿਕਸਿਤ ਕਾਸ਼ਤ ਤਕਨੀਕਾਂ

ਕੁਲਵੀਰ ਸਿੰਘ, ਹਰਜੀਤ ਸਿੰਘ ਬਰਾੜ ਅਤੇ ਮਨਪ੍ਰੀਤ ਸਿੰਘ,
ਖੇਤਰੀ ਖੋਜ ਕੇਂਦਰ, ਫਰੀਦਕੋਟ
(ਮੋ.94177-83052)

ਨਰਮਾ-ਕਪਾਹ ਪੰਜਾਬ ਰਾਜ ਦੀ ਇਕ ਮਹੱਤਵਪੂਰਨ ਵਪਾਰਕ ਫਸਲ ਹੈ ਅਤੇ ਇਸ ਦੀ ਕਾਸ਼ਤ ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਜਿਵੇਂ ਕਿ ਬਠਿੰਡਾ, ਮਾਨਸਾ, ਫਾਜ਼ਿਲਕਾ, ਮੁਕਤਸਰ, ਫਰੀਦਕੋਟ, ਸੰਗਰੂਰ ਅਤੇ ਬਰਨਾਲਾ ਵਿੱਚ ਕੀਤੀ ਜਾਂਦੀ ਹੈ । ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿਚ ਫਸਲੀ ਵਿਭਿੰਨਤਾ ਲਈ ਨਰਮਾ-ਕਪਾਹ ਇਕ ਵਧੀਆ ਬਦਲ ਹੈ । ਪਿਛਲੇ ਦੋ ਸਾਲਾਂ ਤੋਂ ਕਿਸਾਨ ਨਰਮੇ ਵਿਚ ਗੁਲਾਬੀ ਸੁੰਡੀ ਦੇ ਹਮਲੇ ਦਾ ਸਾਹਮਣਾ ਕਰ ਰਹੇ ਹਨ । ਬਹੁਤ ਸਾਰੇ ਕਿਸਾਨ ਵੀਰਾਂ ਵੀ ਇਕ ਗਲਤ ਧਾਰਨਾ ਬਣੀ ਹੈ ਕਿ ਫਸਲ ਨੂੰ ਸਿਫਾਰਿਸ਼ ਮਾਤਰਾ ਤੋਂ ਘੱਟ ਖਾਦ ਪਾਉਣ ਨਾਲ ਕੀੜੇ-ਮਕੌੜਿਆਂ ਦਾ ਹਮਲਾ ਘੱਟ ਹੁੰਦਾ ਹੈ, ਜਿਸ ਕਾਰਨ ਫਸਲ ਦਾ ਵਿਕਾਸ ਬਹੁਤ ਮਾੜਾ ਹੁੰਦਾ ਹੈ ਅਤੇ ਨਤੀਜੇ ਵਜੋਂ ਉਤਪਾਦਕਤਾ ਵਿਚ ਵੱਡਾ ਨੁਕਸਾਨ ਹੁੰਦਾ ਹੈ । ਇਸ ਲਈ ਨਰਮੇ-ਕਪਾਹ ਦੀ ਖੇਤੀ ਨੂੰ ਲਾਹੇਵੰਦ ਧੰਦਾ ਬਨਾਉਣ ਲਈ ਪੀ.ਏ.ਯੂ. ਵੱਲੋਂ ਨਰਮਾ-ਕਪਾਹ ਉਤਪਾਦਨ ਲਈ ਸਿਫਾਰਸ਼ ਕੀਤੀਆਂ ਤਕਨੀਕਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ ।

ਨਰਮਾ-ਕਪਾਹ ਦੀ ਕਾਸ਼ਤ ਰੇਤਲੀਆਂ, ਖਾਰੀਆਂ ਜਾਂ ਸੇਮ ਵਾਲੀਆਂ ਜ਼ਮੀਨਾਂ ਨੂੰ ਛੱਡ ਕੇ ਹਰ ਤਰ੍ਹਾਂ ਦੀ ਜ਼ਮੀਨਾਂ ਵਿਚ ਕੀਤੀ ਜਾ ਸਕਦੀ ਹੈ ।

| ਨਰਮੇ ਦੀਆਂ ਬੀ ਟੀ ਕਿਸਮਾਂ | ਨਰਮੇ ਦੀਆਂ ਗੈਰ-ਬੀਟੀ ਕਿਸਮਾਂ | ਦੇਸੀ ਕਪਾਹ ਦੀਆਂ ਕਿਸਮਾਂ |
|---|---|---|
| ਪੀਏਯੂ ਬੀ ਟੀ 2<br>ਪੀਏਯੂ ਬੀ ਟੀ 3 | ਐੱਫ 2228<br>ਐਲ ਐਚ 2108 | ਐੱਲ ਡੀ 1019<br>ਐਲ ਡੀ 949<br>ਐਫ ਡੀ ਕੇ 124 |

**ਉੱਨਤ ਕਿਸਮਾਂ** : ਨਰਮੇ-ਕਪਾਹ ਦੀ ਕਾਸ਼ਤ ਲਈ ਸੁਧਰੀ ਹੋਈ ਉੱਨਤ ਕਿਸਮ/ਹਾਈਬ੍ਰਿਡ ਦੀ ਚੋਣ ਕਰਨਾ ਸਭ ਤੋਂ ਮਹੱਤਵਪੂਰਨ ਹੁੰਦਾ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕਿਸਮਾਂ ਦੀ ਸਾਰਣੀ ਹੇਠ ਲਿਖੇ ਅਨੁਸਾਰ ਹੈ । (ਸਾਰਣੀ-1)

**ਖੇਤ ਦੀ ਵਹਾਈ ਤੇ ਤਿਆਰੀ** : ਨਰਮੇ ਦੀਆਂ ਜੜ੍ਹਾਂ ਡੂੰਘੀਆਂ ਹੋਣ ਕਾਰਨ ਡੂੰਘੀ ਵਹਾਈ ਲਾਹੇਵੰਦ ਹੁੰਦੀ ਹੈ । ਖਾਸ ਤੌਰ ਤੇ ਜਿਨ੍ਹਾਂ ਜ਼ਮੀਨਾਂ ਹੇਠ ਸਖਤ ਤਹਿ ਹੋਵੇ ਜਾਂ ਫਿਰ ਪਾਣੀ ਘੱਟ ਜੀਰਦਾ ਹੋਵੇ, ਉੱਥੇ ਇਕ ਮੀਟਰ ਦੀ ਦੂਰੀ ਤੇ ਦੋ ਤਰਫਾ 45-50 ਸੈਂਟੀਮੀਟਰ ਡੂੰਘੀ ਵਹਾਈ (ਤਹਿ-ਤੋੜ ਹਲ ਨਾਲ) ਖੇਤ ਤਿਆਰ ਕਰਨ ਤੋਂ ਪਹਿਲਾਂ ਜ਼ਰੂਰ ਕਰੋ । ਇਸ ਨਾਲ ਜ਼ਮੀਨ ਹੇਠਲੀ ਸਖਤ ਤਹਿ ਟੁੱਟ ਜਾਂਦੀ ਹੈ, ਪਾਣੀ ਜੀਰਨ ਦੀ ਸ਼ਕਤੀ ਵੱਧ ਜਾਂਦੀ ਹੈ ਅਤੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ । ਖੇਤ ਦੀ ਤਿਆਰੀ ਲਈ 2-3 ਵਾਰ ਸੁੱਕੀ ਵਹਾਈ ਤੋਂ ਬਾਅਦ ਨਹਿਰੀ ਪਾਣੀ ਨਾਲ ਜਾਂ ਨਹਿਰ ਅਤੇ ਟਿਊਬਵੈੱਲ ਦੇ ਪਾਣੀ ਨਾਲ ਰਲਾ ਕੇ ਭਰਵੀਂ ਰੌਣੀ ਕਰੋ ।

**ਬਿਜਾਈ ਦਾ ਸਮਾਂ** : ਨਰਮੇ-ਕਪਾਹ ਦੀਆਂ ਸਾਰੀਆਂ ਕਿਸਮਾਂ ਦੀ ਬਿਜਾਈ ਲਈ ਸਿਫਾਰਿਸ਼ ਕੀਤਾ ਸਮਾਂ ਅਪ੍ਰੈਲ ਤੋਂ 15 ਮਈ ਤੱਕ ਹੈ । ਪਿਛੇਤੀ ਬਿਜਾਈ ਕਰਨ ਨਾਲ ਫਸਲ ਦਾ ਵਾਧਾ ਘਟ ਹੁੰਦਾ ਹੈ, ਨਾਲ ਹੀ ਕੀੜੇ-ਮਕੌੜਿਆਂ ਤੇ ਬਿਮਾਰੀਆਂ (ਖਾਸ ਕਰਕੇ ਚਿੱਟੀ ਮੱਖੀ ਅਤੇ ਪੱਤਾ ਮਰੋੜ ਬਿਮਾਰੀ) ਦਾ ਹਮਲਾ ਵਧੇਰੇ ਹੁੰਦਾ ਹੈ ।

**ਬੀਜ ਦੀ ਮਾਤਰਾ** : ਵਧੀਆ ਝਾੜ ਲੈਣ ਲਈ ਖੇਤ ਵਿੱਚ ਬੂਟਿਆਂ ਦੀ ਗਿਣਤੀ ਪੂਰੀ ਹੋਣਾ ਬਹੁਤ ਜ਼ਰੂਰੀ ਹੈ । ਇਸ ਲਈ ਨਰਮੇ ਦੇ ਸਾਰੀ ਬੀ ਟੀ ਹਾਈਬ੍ਰਿਡਾਂ ਲਈ 900 ਗ੍ਰਾਮ (ਬੀ.ਟੀ.) ਅਤੇ 240 ਗ੍ਰਾਮ (ਗੈਰ ਬੀ.ਟੀ) ਰਹਿਤ ਬੀਜ ਪ੍ਰਤੀ ਏਕੜ, ਨਰਮੇ ਦੀ ਬੀ ਟੀ ਕਿਸਮ । ਪੀ ਏ ਯੂ ਬੀ ਟੀ 2 ਅਤੇ ਪੀ ਏ ਯੂ ਬੀ ਟੀ 3 ਲਈ 4.0 ਕਿਲੋ (ਬੀ.ਟੀ.) ਦੇ ਨਾਲ 1.0 ਕਿਲੋ (ਗੈਰ ਬੀ ਟੀ) ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਸਿਫਾਰਿਸ਼ ਕੀਤੀ ਜਾਂਦਾ ਹੈ । ਜ਼ਿਕਰਯੋਗ ਹੈ ਕਿ ਹੁਣ ਬਜ਼ਾਰ ਵਿਚ ਵਿਕਣ ਵਾਲੇ ਬੀ.ਟੀ. ਨਰਮੇ ਦੇ ਪੈਕਟ ਵਿਚ ਬੀ. ਟੀ. ਅਤੇ ਗੈਰ ਬੀ. ਟੀ. ਬੀਜ ਵੱਖਰਾ ਨਹੀਂ ਆਉਂਦਾ ਅਤੇ ਰਲਿਆ ਹੁੰਦਾ ਹੈ । ਬਾਕੀ ਨਰਮਾ ਦੀਆਂ ਕਿਸਮਾਂ ਜਿਵੇਂ ਕਿ ਐੱਫ 2228 ਅਤੇ ਐਲ ਐਚ 2108 ਦਾ ਬੀਜ 3.5 ਕਿਲੋਗ੍ਰਾਮ/ਏਕੜ ਅਤੇ ਦੇਸੀ ਕਪਾਹ ਦੀਆਂ ਕਿਸਮਾਂ ਐਲ ਡੀ 1019, ਐਲ ਡੀ 949 ਅਤੇ ਐਫ ਡੀ ਕੇ 124 ਦਾ 3.0 ਕਿਲੋਗ੍ਰਾਮ/ਏਕੜ ਦੇ ਹਿਸਾਬ ਨਾਲ ਪਾਓ ।

**ਬਿਜਾਈ ਦਾ ਢੰਗ ਅਤੇ ਫਾਸਲਾ** : ਬਿਜਾਈ ਟਰੈਕਟਰ ਨਾਲ ਚੱਲਣ ਵਾਲੀ ਡਰਿੱਲ ਨਾਲ 67.5 ਸੈਂ. ਮੀ. ਦੀ ਦੂਰੀ ਤੇ ਕਤਾਰਾਂ ਵਿੱਚ ਕਰੋ । ਦੇਸੀ ਕਪਾਹ ਦੇ ਕਤਾਰਾਂ ਵਿਚ ਬੂਟੇ ਤੋਂ ਬੂਟੇ ਦਾ ਫਾਸਲਾ 45 ਸੈ. ਮੀ. ਰੱਖੋ । ਪੀ ਏ ਯੂ ਬੀ ਟੀ-2 ਅਤੇ ਪੀ ਏ ਯੂ ਬੀ ਟੀ-3 ਲਈ ਬੂਟੇ ਤੋਂ ਬੂਟੇ ਦਾ ਫਾਸਲਾ 30 ਸੈ. ਮੀ. ਰੱਖੋ । ਨਰਮੇ ਦੀਆਂ ਬਾਕੀ ਕਿਸਮਾਂ ਜਿਵੇਂ ਐੱਫ 2228 ਅਤੇ ਐਲ ਐਚ 2108 ਲਈ ਬੂਟੇ ਤੋਂ ਬੂਟੇ ਦਾ ਫਾਸਲਾ 60 ਸੈ. ਮੀ. ਰੱਖੋ । ਸਾਰੇ ਬੀ ਟੀ ਹਾਈਬ੍ਰਿਡਾਂ ਵਿਚ ਇਹ ਫਾਸਲਾ 75 ਸੈ. ਮੀ. ਰੱਖੋ ।

**ਬੂਟਿਆਂ ਦੀ ਗਿਣਤੀ ਪੂਰੀ ਕਰਨਾ** : ਬੀਜ ਦੀ ਉੱਗਣ ਸ਼ਕਤੀ ਘੱਟ ਹੋਣ ਜਾਂ ਬੂਟੇ ਮੱਚ ਜਾਣ ਕਾਰਨ ਕਈ ਵਾਰ ਫਸਲ ਵਿਰਲੀ ਰਹਿ ਜਾਂਦੀ ਹੈ ਜਿਸ ਕਾਰਨ ਝਾੜ ਘਟਦਾ ਹੈ । ਇਸ ਲਈ 4''x 6'' ਦੇ ਪੋਲੀਥੀਨ ਲਿਫਾਫਿਆਂ ਵਿੱਚ ਮਿੱਟੀ ਅਤੇ ਰੂੜੀ ਦਾ ਬਰਾਬਰ ਮਿਸ਼ਰਣ ਨਾਲ ਭਰ ਕੇ ਬੀਜ ਦੇਵੋ ਅਤੇ 3 ਹਫਤਿਆਂ ਦੇ ਬੂਟੇ ਪਹਿਲੀ ਸਿੰਚਾਈ ਤੋਂ ਪਹਿਲਾਂ ਖੇਤ ਵਿਚ ਲਗਾ ਦਿਓ ।



**ਖਾਦਾਂ ਦੀ ਵਰਤੋਂ** : ਦਰਮਿਆਨੀਆਂ ਉਪਜਾਊ ਜ਼ਮੀਨਾਂ ਲਈ, ਪੀ ਏ ਯੂ ਨੇ 30 ਕਿਲੋ ਨਾਈਟ੍ਰੋਜਨ (65 ਕਿਲੋ ਯੂਰੀਆ) ਦੀ ਸਿਫਾਰਿਸ਼ ਸਾਰੀਆਂ ਗੈਰ ਬੀ ਟੀ ਕਿਸਮਾਂ ਲਈ ਅਤੇ 37 ਕਿਲੋਗ੍ਰਾਮ ਨਾਈਟ੍ਰੋਜਨ (80 ਕਿਲੋ ਯੂਰੀਆ) ਦੀ ਸਿਫਾਰਸ਼ ਬੀ ਟੀ ਕਿਸਮਾਂ (ਪੀ. ਏ. ਯੂ. ਬੀ ਟੀ-2 ਅਤੇ ਪੀ. ਏ. ਯੂ. ਬੀ ਟੀ-3) ਪ੍ਰਤੀ ਏਕੜ ਦੇ ਆਧਾਰ ਤੇ ਕੀਤੀ ਹੈ । ਦੋਗਲੀਆਂ (ਬੀ ਟੀ ਅਤੇ ਗੈਰ ਬੀ ਟੀ) ਕਿਸਮਾਂ ਲਈ 42 ਕਿਲੋਗ੍ਰਾਮ ਨਾਈਟ੍ਰੋਜਨ (90 ਕਿਲੋ ਯੂਰੀਆ) ਦੀ ਸਿਫਾਰਿਸ਼ ਹੈ । ਨਾਈਟ੍ਰੋਜਨ ਦੀ ਪਹਿਲੀ ਕਿਸ਼ਤ ਪਹਿਲੀ ਸਿੰਚਾਈ ਤੋਂ ਬਾਅਦ ਅਤੇ ਬਾਕੀ ਅੱਧੀ ਨੂੰ ਫੁੱਲ-ਡੋਡੀ ਪੈਣ ਤੇ ਦਿਓ । ਜੇਕਰ ਨਰਮੇ ਤੋਂ ਪਹਿਲਾਂ ਕਣਕ ਨੂੰ ਫਾਸਫੋਰਸ ਦੀ ਸਿਫਾਰਸ਼ ਕੀਤੀ ਮਾਤਰਾ ਦਿੱਤੀ ਗਈ ਹੋਵੇ, ਤਾਂ ਨਰਮੇ ਨੂੰ ਫਾਸਫੋਰਸ ਪਾਉਣ ਦੀ ਕੋਈ ਜ਼ਰੂਰਤ ਨਹੀਂ ਹੁੰਦੀ । ਦੂਜੇ ਹਾਲਾਤਾਂ ਵਿਚ ਨਰਮੇ-ਕਪਾਹ ਨੂੰ 12 ਕਿਲੋ ਫਾਸਫੋਰਸ (75 ਕਿਲੋ ਸੁਪਰ ਜਾਂ 27 ਕਿਲੋ ਡੀ ਏ ਪੀ) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਦੇ ਸਮੇਂ ਪਾਓ । ਜਿੱਥੇ ਫਾਸਫੋਰਸ ਲਈ 27 ਕਿਲੋ ਡੀ ਏ ਪੀ ਵਰਤਿਆ ਗਿਆ ਹੋਵੇ, ਉੱਥੇ ਯੂਰੀਆ ਦੀ ਮਾਤਰਾ 10 ਕਿਲੋ ਘੱਟ ਕਰ ਦੇਵੋ । ਹਲਕੀਆਂ ਜ਼ਮੀਨਾਂ ਵਿਚ 20 ਕਿਲੋ ਪੋਟਾਸ਼ ਅਤੇ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 6.5 ਕਿਲੋਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਸਮੇਂ ਜ਼ਰੂਰ ਪਾਓ । ਫਾਸਫੋਰਸ, ਪੋਟਾਸ਼ ਅਤੇ ਜ਼ਿੰਕ ਖਾਦਾਂ ਦੀ ਪੂਰੀ ਮਾਤਰਾ ਬਿਜਾਈ ਸਮੇਂ ਪਾ ਦਿਓ । ਘੱਟ ਉਪਜਾਊ ਜ਼ਮੀਨਾਂ ਵਿਚ ਨਾਈਟ੍ਰੋਜਨ ਦੀ ਇੱਕ ਕਿਸ਼ਤ

ਬਾਕੀ ਸਫਾ 6 'ਤੇ

ਖੇਤੀ ਦੁਨੀਆਂ
ਵੱਲੋਂ
ਮੌਜੂਦਾ ਗ੍ਰਾਹਕਾਂ ਲਈ ਚੰਦਾ ਰਿਨਿਊ ਕਰਵਾਉਣ 'ਤੇ
ਵਿਸ਼ੇਸ਼ ਛੂਟ
ਇੱਕ ਸਾਲ 250/- ਰੁਪਏ*
ਦੋ ਸਾਲ 500/- ਰੁਪਏ*
ਨੋਟ :
1. ਇਹ ਸਕੀਮ ਸਿਰਫ ਮੌਜੂਦਾ ਗ੍ਰਾਹਕਾਂ ਲਈ ਚੰਦਾ ਸਿੱਧਾ ਬੈਂਕ ਰਾਹੀਂ ਭੇਜਣ 'ਤੇ ਹੈ।
2. ਇਸ ਸਕੀਮ ਤਹਿਤ ਕਿਸੇ ਵੀ ਤਰ੍ਹਾਂ ਦਾ ਕੋਈ ਗਿਫਟ ਨਹੀਂ ਦਿੱਤਾ ਜਾਵੇਗਾ।
3. ਇਹ ਸਕੀਮ 30 ਅਪ੍ਰੈਲ 2025 ਤੱਕ ਲਾਗੂ ਰਹੇਗੀ।
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

## KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 15**
**ਮਿਤੀ 12-04-2025**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**




# ਕੀ ਪੰਜਾਬੀ ਹੱਡ ਹਰਾਮੀ ਹੋ ਗਏ ਹਨ...?

**ਸੰਦੀਪ ਕੁਮਾਰ, ਮੋ. 70098-7121**

> **ਅੱਜ ਸਾਡੇ ਨੌਜਵਾਨ ਮੋਟਰਸਾਈਕਲਾਂ, ਬੁਲਟਾਂ, ਫੈਸ਼ਨ ਅਤੇ ਬਣਾਵਟੀ ਸਿਹਤਮੰਦ ਜ਼ਿੰਦਗੀ ਦੀ ਨਕਲੀ ਸ਼ਾਨ ਵਿਚ ਫਸੇ ਹੋਏ ਹਨ। ਜਿੱਥੇ ਪਹਿਲਾਂ ਖੇਤਾਂ ਵਿਚ ਮਿਹਨਤ ਕਰਨਾ ਸਨਮਾਨ ਦੀ ਗੱਲ ਮੰਨੀ ਜਾਂਦੀ ਸੀ, ਉੱਥੇ ਅੱਜ ਇਹ ਕਮਜ਼ੋਰੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਇਸੇ ਕਾਰਨ, ਅੱਜ ਖੇਤਾਂ ਵਿਚ ਕੰਮ ਕਰਨ ਲਈ ਯੂਪੀ ਅਤੇ ਬਿਹਾਰ ਦੀ ਮਜ਼ਦੂਰ ਲੇਬਰ ਨੂੰ ਸੱਦਣਾ ਪੈਂਦਾ ਹੈ।**

ਪੰਜਾਬੀ ਕੌਮ ਦੇਸ਼ ਭਰ 'ਚ ਆਪਣੀ ਦਲੇਰੀ, ਮਿਹਨਤ ਅਤੇ ਸੇਵਾ-ਭਾਵ ਲਈ ਮਸ਼ਹੂਰ ਹੈ। ਗੁਰੂ ਨਾਨਕ ਦੇਵ ਜੀ ਦੇ 'ਕਿਰਤ ਕਰੋ' ਦੇ ਸਿਧਾਂਤ ਨੇ ਸਾਡੀ ਕੌਮ ਨੂੰ ਮਿਹਨਤ ਦੀ ਰਾਹ ਦਿਖਾਈ ਸੀ। ਪਰ ਅੱਜ ਸਿਧਾਂਤ ਨੂੰ ਇਕ ਨਵੀਂ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਖਰ ਕੀ ਹੈ ਅਸਲ ਸੱਚਾਈ ? ਕੀ ਸਾਡੇ ਪੰਜਾਬੀ ਲੋਕ ਮਿਹਨਤ ਕਰਨ ਤੋਂ ਪਿੱਛੇ ਹਟ ਗਏ ਜਾਂ ਸਿਰਫ ਫੁਕਰ ਗਰਦੀ ਅਤੇ ਹੋਰਾਂ ਦੀ ਨਿੰਦਾ ਹੀ ਸਾਡਾ ਨਵਾਂ ਰਵਈਆ ਬਣ ਗਿਆ ਹੈ ? ਇਹ ਸਵਾਲ ਸਾਡੇ ਚਰਿੱਤਰ ਅਤੇ ਆਤਮ-ਮੰਥਨ ਦੀ ਲੋੜ ਨੂੰ ਦੱਸਦੇ ਹਨ। ਅੱਜ ਪੰਜਾਬ ਦੇ ਹਰ ਕੋਨੇ ਵਿਚ ਦੇਖਣ ਨੂੰ ਮਿਲਦਾ ਹੈ ਕਿ ਸਾਡੀ ਜ਼ਮੀਨ 'ਤੇ ਰਹਿਣ ਵਾਲੇ ਪ੍ਰਵਾਸੀ ਲੋਕ ਮਿਹਨਤ ਕਰਕੇ ਆਪਣੇ ਪ੍ਰਵਾਰਾਂ ਦਾ ਪੇਟ ਭਰ ਰਹੇ ਹਨ। ਜੇਕਰ ਕੋਈ ਪ੍ਰਵਾਸੀ ਰੇੜ੍ਹੀ ਲਗਾ ਕੇ ਸਬਜ਼ੀ ਵੇਚ ਰਿਹਾ ਹੈ ਜਾਂ ਖੇਤਾਂ ਵਿਚ ਮਿਹਨਤ ਕਰ ਰਿਹਾ ਹੈ ਤਾਂ ਉਹ ਸੱਚਮੁਚ ਗੁਰੂਆਂ ਦੇ ਉਪਦੇਸ਼ 'ਕਿਰਤ ਕਰੋ' ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਰਿਹਾ ਹੈ। ਇਸ ਦੇ ਉਲਟ, ਸਾਡੀ ਕੌਮ ਦੇ ਬਹੁਤ ਸਾਰੇ ਲੋਕ ਮਿਹਨਤ ਕਰਨ ਦੀ ਬਜਾਏ ਪ੍ਰਵਾਸੀਆਂ ਨੂੰ ਦੋਸ਼ ਦੇ ਰਹੇ ਹਨ ਕਿ ਇਨ੍ਹਾਂ ਨੇ ਸਾਡੇ ਰੋਜ਼ਗਾਰ ਖੋਹ ਲਏ ਹਨ। ਪਰ ਇਹ ਦੋਸ਼ ਦੇਣਾ ਕਿੰਨਾ ਕੁ ਸਹੀ ਹੈ ?

ਪ੍ਰਵਾਸੀ ਵਿਅਕਤੀ ਸਾਡੇ ਸੂਬੇ ਵਿਚ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਮਿਹਨਤ ਕਰ ਰਿਹਾ ਹੈ। ਉਹ ਸਾਨੂੰ ਕੋਈ ਦਬਾਅ ਨਹੀਂ ਪਾ ਰਿਹਾ ਕਿ ਅਸੀਂ ਉਸ ਤੋਂ ਕੁੱਝ ਖਰੀਦ ਲਈਏ ਜਾਂ ਅਸੀਂ ਉਨ੍ਹਾਂ ਨੂੰ ਆਪਣੇ ਖੇਤਾਂ ਵਿਚ ਕੰਮ ਕਰਨ ਲਈ ਕਹੀਏ। ਇਹ ਅਸਲ ਵਿਚ ਸਾਡੀ ਕੌਮ ਦੀ ਕਮਜ਼ੋਰੀ ਹੈ ਕਿ ਅਸੀਂ ਉਨ੍ਹਾਂ ਤੋਂ ਕੰਮ ਲੈਣ ਲਈ ਮਜ਼ਬੂਰ ਹਾਂ ਕਿਉਂਕਿ ਉਹ ਮਿਹਨਤ ਕਰਨ ਵਿਚ ਕੋਈ ਸ਼ਰਮ ਮਹਿਸੂਸ ਨਹੀਂ ਕਰਦੇ। ਪਰ ਸਾਡੇ ਆਪਣੇ ਹੀ ਲੋਕ ਕਿਉਂ ਮਿਹਨਤ ਕਰਨ ਤੋਂ ਆਪਣੇ ਹੱਥ ਪਿੱਛੇ ਖਿੱਚ ਰਹੇ ਹਨ ? ਕੀ ਇਸ ਦੀ ਵਜ੍ਹਾ ਸਿਰਫ ਸਾਡਾ ਹੱਡ ਹਰਾਮੀ ਹੋਣਾ ਹੈ ? ਅੱਜ ਸਾਡੇ ਨੌਜਵਾਨ ਮੋਟਰਸਾਈਕਲਾਂ, ਬੁਲਟਾਂ, ਫੈਸ਼ਨ ਅਤੇ ਬਣਾਵਟੀ ਸਿਹਤਮੰਦ ਜ਼ਿੰਦਗੀ ਦੀ ਨਕਲੀ ਸ਼ਾਨ ਵਿਚ ਫਸੇ ਹੋਏ ਹਨ। ਜਿੱਥੇ ਪਹਿਲਾਂ ਖੇਤਾਂ ਵਿਚ ਮਿਹਨਤ ਕਰਨਾ ਸਨਮਾਨ ਦੀ ਗੱਲ ਮੰਨੀ ਜਾਂਦੀ ਸੀ, ਉੱਥੇ ਅੱਜ ਇਹ ਕਮਜ਼ੋਰੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਇਸੇ ਕਾਰਨ, ਅੱਜ ਖੇਤਾਂ ਵਿਚ ਕੰਮ ਕਰਨ ਲਈ ਯੂਪੀ ਅਤੇ ਬਿਹਾਰ ਦੀ ਮਜ਼ਦੂਰ ਲੇਬਰ ਨੂੰ ਸੱਦਣਾ ਪੈਂਦਾ ਹੈ। ਇਹ ਸਾਫ ਦੱਸਦਾ ਹੈ ਕਿ ਸਾਡੀ ਕੌਮ ਦੇ ਬਹੁਤ ਸਾਰੇ ਲੋਕ ਮਿਹਨਤ ਤੋਂ ਪਿੱਛੇ ਹਟ ਗਏ ਹਨ।



ਮੌਜੂਦਾ ਹਾਲਾਤ ਦੀ ਸਚਾਈ ਇਹ ਹੈ ਕਿ ਅੱਜ ਪੰਜਾਬ ਵਿਚ ਬੇਰੁਜ਼ਗਾਰੀ ਇਕ ਵੱਡਾ ਮੁੱਦਾ ਬਣਿਆ ਹੋਇਆ ਹੈ। ਪਰ ਇਹ ਵੀ ਸਮਝਣ ਯੋਗ ਹੈ ਕਿ ਬੇਰੁਜ਼ਗਾਰੀ ਦਾ ਦੋਸ਼ੀ ਪ੍ਰਵਾਸੀ ਮਜ਼ਦੂਰਾਂ ਨੂੰ ਮੰਨਦੇ ਹਨ। ਜੇਕਰ ਸਚਮੁੱਚ ਸੂਬੇ ਵਿਚ ਰੁਜ਼ਗਾਰ ਦੀ ਕਮੀ ਹੈ ਤਾਂ ਪ੍ਰਵਾਸੀ ਕਿਉਂ ਨਿਰੰਤਰ ਸੂਬੇ ਵਿਚ ਆ ਕੇ ਵੱਸ ਰਹੇ ਹਨ ? ਸੱਚਾਈ ਇਹ ਹੈ ਕਿ ਜੇਕਰ ਸਾਡੇ ਨੌਜਵਾਨ ਖੁਦ ਮਿਹਨਤ ਕਰਨ ਲੱਗਣ ਤਾਂ ਉਨ੍ਹਾਂ ਨੂੰ ਕੰਮ ਦੀ ਕੋਈ ਕਮੀ ਨਹੀਂ ਹੋਵੇਗੀ। ਮਸਲਾ ਇਹ ਹੈ ਕਿ ਅਸੀਂ ਮਿਹਨਤ ਵਾਲੇ ਕੰਮ ਨੂੰ, ਆਪਣੀ ਸ਼ਾਨ ਨੂੰ ਹੇਠਾਂ ਲਿਆਉਣ ਵਾਲੀ ਗੱਲ ਮੰਨ ਕੇ ਨੌਕਰੀ ਅਤੇ ਕਾਰੋਬਾਰ ਕਰਦੇ ਹਾਂ, ਉਹ ਮਿਹਨਤ ਕਰਕੇ ਆਪਣਾ ਨਾਮ ਕਮਾਉਂਦੇ ਹਨ। ਕਈ ਪ੍ਰਵਾਸੀ ਪੰਜਾਬੀ ਉਦਯੋਗਪਤੀ ਬਣੇ ਹਨ ਅਤੇ ਵਿਦੇਸ਼ਾਂ ਵਿਚ ਸਾਡੇ ਸਮਾਜ ਦੀ ਨੁਮਾਇੰਦਗੀ ਕਰਦੇ ਹਨ। ਪਰ ਇਹ ਕਮਾਲ ਉਹ ਮਿਹਨਤ ਨਾਲ ਹੀ ਕਰਦੇ ਹਨ। ਫਿਰ ਇੱਥੇ ਪੰਜਾਬ ਵਿਚ ਇਹ ਮਿਹਨਤ ਕਿਉਂ ਨਹੀਂ ਕੀਤੀ ਜਾ ਰਹੀ ? ਸੱਚ ਪੁੱਛੋ ਤਾਂ ਇਹ ਸਵਾਲ ਸਾਡੀ ਕੌਮ ਦੀ ਸੋਚ ਅਤੇ ਸੱਭਿਆਚਾਰਕ ਬਦਲਾਅ ਵਲ ਇਸ਼ਾਰਾ ਕਰਦਾ ਹੈ।

ਸਾਡੀ ਕੌਮ ਨੂੰ ਸਮਝਣਾ ਹੋਵੇਗਾ ਕਿ ਸਖਤ ਮਿਹਨਤ ਜੀਵਨ ਦੀ ਅਸਲ ਸਫਲਤਾ ਹੈ। ਇਸ ਸਵਾਲ ਨੂੰ ਹੱਲ ਕਰਨ ਲਈ ਸਾਨੂੰ ਆਪਣੇ ਨੌਜਵਾਨਾਂ ਨੂੰ ਜ਼ਿੰਮੇਦਾਰ ਬਣਾਉਣ ਅਤੇ ਮਿਹਨਤ ਦੀ ਮਹੱਤਤਾ ਸਿਖਾਉਣ ਦੀ ਜ਼ਰੂਰਤ ਹੈ। ਖੇਤੀਬਾੜੀ ਵਿਚ ਮਿਹਨਤ ਵਾਲੇ ਕੰਮਾਂ ਨੂੰ ਦੁਬਾਰਾ ਅਪਨਾਉਣਾ ਹੋਵੇਗਾ ਤੇ ਕਿਰਤ ਕਰਨ ਨੂੰ ਫਾਲਤੂ ਸਮਝਣ ਵਾਲੀ ਸੋਚ ਦਾ ਖਾਤਮਾ ਕਰਨਾ ਪਵੇਗਾ। ਜੇ ਸਾਡੇ ਨੌਜਵਾਨ ਸਿਰਫ ਚਿੱਟੇ ਕੱਪੜੇ ਪਹਿਨਣ ਅਤੇ ਫੁਕਰਪੰਥੀ ਕਰਨ ਤੋਂ ਹੱਟ ਕੇ ਹੱਥੀਂ ਕੰਮ ਕਰਨਾ ਸ਼ੁਰੂ ਕਰਨ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਸੂਬੇ ਨੂੰ ਕਿਸੇ ਪ੍ਰਵਾਸੀ ਮਜ਼ਦੂਰ ਦੀ ਲੋੜ ਨਹੀਂ ਰਹੇਗੀ। ਸਾਡੀ ਕੌਮ ਦੇ ਲੋਕਾਂ ਨੂੰ ਸਮਝਣਾ ਪਵੇਗਾ ਕਿ ਕਿਸੇ ਨੂੰ ਦੋਸ਼ ਦੇਣ ਨਾਲ ਕੋਈ ਫਾਇਦਾ ਨਹੀਂ। ਜੇਕਰ ਪ੍ਰਵਾਸੀ ਵਿਅਕਤੀ ਮਿਹਨਤ ਕਰ ਕੇ ਆਪਣੇ ਪ੍ਰਵਾਰ ਦਾ ਗੁਜ਼ਾਰਾ ਕਰ ਰਹੇ ਹਨ ਤਾਂ ਇਹ ਸਾਡੇ ਲਈ ਚੇਤਾਵਨੀ ਹੈ ਕਿ ਅਸੀਂ ਵੀ ਮਿਹਨਤ ਦਾ ਇਹ ਰਾਹ ਫੜੀਏ। ਸਾਡਾ ਸੱਚਾ ਸਨਮਾਨ ਮਿਹਨਤ ਅਤੇ ਸੱਚਾਈ ਵਿਚ ਹੈ, ਨਾ ਕਿ ਕਿਸੇ ਹੋਰ 'ਤੇ ਦੋਸ਼ ਲਗਾਉਣ ਵਿਚ। ਸਾਡੇ ਪੰਜਾਬੀ ਜਮਾਂਦਰੂ ਹੱਡ ਹਰਾਮੀ ਨਹੀਂ ਸਨ। ਪੰਜਾਬੀ ਦਲੇਰ, ਮਿਹਨਤੀ ਅਤੇ ਸੱਚ ਦੇ ਰਾਹੀ ਸਨ। ਪਰ ਅੱਜ ਦੀਆਂ ਸੋਚਾਂ ਅਤੇ ਆਲਸ ਨੇ ਸਾਨੂੰ ਹੱਡ ਹਰਾਮੀ ਦੇ ਦੋਸ਼ ਤਕ ਪਹੁੰਚਾ ਦਿੱਤਾ ਹੈ। ਇਸ ਨੂੰ ਸਹੀ ਕਰਨ ਲਈ ਮਿਹਨਤ ਦੀ ਸਿਰਜਣਾ ਦੁਬਾਰਾ ਕਰਨੀ ਹੋਵੇਗੀ। ਸਿਰਫ ਤਦ ਹੀ ਅਸੀਂ ਆਪਣੇ ਗੁਰੂਆਂ ਦੇ ਸੱਚੇ ਸਿਧਾਂਤਾਂ ਦੇ ਰਾਖੇ ਬਣ ਸਕਾਂਗੇ।

**ਮੌਸਮ ਵਿਭਾਗ ਤਾਪਮਾਨ ਆਮ ਨਾਲੋਂ ਵੱਧ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ । ਇਸ ਵਾਰ ਗਰਮੀ ਦੀ ਰੁੱਤ, ਖਾਸ ਕਰ ਕੇ ਜੂਨ ਵਿਚ ਲੂ ਦੇ ਲੰਮਾ ਚੱਲਣ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ, ਇਸ ਲਈ ਜੂਨ ਮਹੀਨੇ ਜਾਂ ਇਸ ਤੋਂ ਪਹਿਲਾਂ ਝੋਨੇ ਦੀ ਕਾਸ਼ਤ ਲਈ ਤਪਸ਼ ਕਾਰਨ ਜ਼ਿਆਦਾ ਪਾਣੀ ਦੀ ਲੋੜ ਰਹੇਗੀ । ਇੱਥੇ ਝੋਨੇ ਦੀ ਕਾਸ਼ਤ ਨੂੰ ਜੂਨ ਦੇ ਅਖੀਰਲੇ ਦਿਨਾਂ ਜਾਂ ਮੌਨਸੂਨ ਦੇ ਨੇੜੇ-ਤੇੜੇ ਰੱਖਣ ਦੀ ਮੰਗ ਪੈਦਾ ਹੁੰਦੀ ਹੈ ।**



# ਪਾਣੀ ਦਾ ਡਿੱਗਦਾ ਪੱਧਰ ਖਤਰੇ ਦੀ ਘੰਟੀ

**ਕਾਹਨ ਸਿੰਘ ਪੰਨੂੰ**
**ਸਾਬਕਾ ਸਕੱਤਰ (ਖੇਤੀ ਵਿਭਾਗ), ਪੰਜਾਬ ਸਰਕਾਰ**

ਪੰਜਾਬ ਦੇ ਵੱਡੇ ਪੱਧਰ 'ਤੇ ਜ਼ਮੀਨ ਹੇਠਲੇ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ, ਜੋ ਇੱਥੇ ਵਸਦੀ ਲੋਕਾਈ ਦੀ ਹੋਂਦ ਲਈ ਵੀ ਖਤਰਾ ਬਣ ਗਿਆ ਹੈ । ਕੇਂਦਰੀ ਗਰਾਊਂਡ ਵਾਟਰ ਬੋਰਡ (ਸੀ ਸੀ ਡਬਲਿਊ ਬੀ) ਦੀ ਤਾਜ਼ਾ ਰਿਪੋਰਟ ਮੁਤਾਬਿਕ ਅਗਲੇ ਸਿਰਫ 14 ਸਾਲਾਂ ਵਿਚ ਪੰਜਾਬ ਜ਼ਮੀਨ ਹੇਠਲੇ ਵਰਤੋਂ ਯੋਗ ਪਾਣੀ ਦੀ ਆਖਰੀ ਬੂੰਦ ਦੀ ਖਤਮ ਕਰ ਚੁੱਕਾ ਹੋਵੇਗਾ ।

ਵਰਤਮਾਨ ਰਾਜਨੀਤਕ ਸੱਤਾ-ਧਾਰੀਆਂ, ਯੋਜਨਾਕਾਰਾਂ ਤੇ ਸਿਵਲ ਸੁਸਾਇਟੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਜ਼ਮੀਨ ਹੇਠਲਾ ਪਾਣੀ ਨਾ ਸਿਰਫ ਦੁਨੀਆ ਦੇ ਇਸ ਹਿੱਸੇ ਉੱਤੇ ਵਸਦੀ ਮੌਜੂਦਾ ਪੀੜ੍ਹੀ ਲਈ ਹੀ ਬਣਾਇਆ ਜਾਵੇ ਬਲਕਿ ਭਵਿੱਖੀ ਪੀੜ੍ਹੀਆਂ ਲਈ ਵੀ ਬਚਾਇਆ ਜਾਵੇ । ਜਿਨ੍ਹਾਂ ਨੂੰ ਇਹ ਖੇਤਰ ਵਿਰਾਸਤ ਵਿਚ ਮਿਲੇਗਾ ।

ਵਰਤਮਾਨ ਵਿਗਿਆਨਕ ਜਾਣਕਾਰੀ ਦਿਖਾਉਂਦੀ ਹੈ ਕਿ ਪੰਜਾਬ ਹਰ ਸਾਲ ਧਰਤੀ ਮਾਂ ਦੀ ਕੁੱਖ ਵਿੱਚੋਂ 2.8 ਕਰੋੜ ਏਕੜ ਫੁੱਟ (ਐੱਮ ਏ ਐੱਫ) ਪਾਣੀ ਕੱਢ ਰਿਹਾ ਹੈ, ਜਦੋਂ ਕਿ ਮੀਂਹ ਤੇ ਇਸ ਦੇ ਤਿੰਨ ਦਰਿਆਵਾਂ ਰਾਹੀਂ ਸਿਰਫ 1.7 ਕਰੋੜ ਏਕੜ ਫੁੱਟ ਪਾਣੀ ਹੀ ਵਾਪਸ



ਧਰਤੀ 'ਚ ਪੈ ਰਿਹਾ ਹੈ। ਇਸ ਅਸੰਤੁਲਨ ਕਾਰਨ ਪਾਣੀ ਦਾ ਪੱਧਰ ਤਕਰੀਬਨ ਅੱਧਾ ਮੀਟਰ ਪ੍ਰਤੀ ਸਾਲ ਦੀ ਖਤਰਨਾਕ ਦਰ ਨਾਲ ਡਿੱਗ ਰਿਹਾ ਹੈ ਤੇ ਪੰਜਾਬ ਨੂੰ ਮਾਰੂਥਲੀਕਰਨ ਵੱਲ ਲਿਜਾ ਰਿਹਾ ਹੈ ।

ਇਸ ਹੱਦੋਂ ਵੱਧ ਵਰਤੋਂ ਦਾ ਇਕ ਸਭ ਤੋਂ ਪ੍ਰਮੁੱਖ ਕਾਰਨ ਪੰਜਾਬ ਵਿਚ 'ਊਰਜਾ-ਪਾਣੀ-ਖੁਰਾਕ' ਦਾ ਗੱਠਜੋੜ ਜਾਂ ਮਿਲੀਭੁਗਤ ਹੈ । ਖੁਰਾਕ ਪੈਦਾ ਕਰਨ ਵਾਸਤੇ ਪਾਣੀ ਕੱਢਣ ਲਈ ਬਿਜਲੀ ਸਰਕਾਰ ਵੱਲੋਂ ਮੁਫਤ ਦਿੱਤੀ ਜਾਂਦੀ ਹੈ । ਇਸ ਲਈ ਇਸ ਦੀ ਜ਼ਿਆਦਾ ਜ਼ਿੰਮੇਵਾਰੀ ਬਣਦੀ ਹੈ ਕਿ ਸੰਕਟ ਨਾਲ ਨਜਿੱਠਣ ਲਈ ਅਮਲੀ ਕਾਰਵਾਈ ਕੀਤੀ ਜਾਵੇ, ਇਸ ਤੋਂ ਪਹਿਲਾਂ ਕਿ ਪੰਜਾਬ ਬੰਜਰ ਤੇ ਬੇਕਾਰ ਭੂਮੀ ਬਣ ਕੇ ਰਹਿ ਜਾਵੇ ।

ਇਸ ਤੋਂ ਇਲਾਵਾ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਨਾ ਕੇਵਲ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ, ਸਗੋਂ ਹੁਣ ਧਰਤੀ ਦੀਆਂ ਬਹੁਤ ਡੂੰਘੀਆਂ ਪਰਤਾਂ ਵਿਚੋਂ ਕੱਢਿਆ ਜਾ ਰਿਹਾ ਹੈ ਜਿੱਥੇ ਭਾਰੀਆਂ ਧਾਤਾਂ ਤੇ ਨਾਈਟ੍ਰੇਟ ਮੌਜੂਦ ਹਨ, ਜਿਸ ਕਰ ਕੇ ਇਹ ਪਾਣੀ ਮਨੁੱਖਾਂ ਤੇ ਜਾਨਵਰਾਂ ਦੇ ਪੀਣ ਲਈ ਸਹੀ ਨਹੀਂ ਹੈ ।

ਇਸ ਲਈ ਸਮੇਂ ਦੀ ਮੰਗ ਹੈ ਕਿ ਸਰਕਾਰ ਸਥਿਤੀ ਸੁਧਾਰਨ ਲਈ ਹੇਠ ਲਿਖੇ ਜ਼ਰੂਰੀ ਕਦਮ ਜਲਦੀ ਤੋਂ ਜਲਦੀ ਚੁੱਕੇ :

1) **ਝੋਨਾ ਲਾਉਣ ਦੀ ਤਰੀਕ 20 ਜੂਨ ਕੀਤੀ ਜਾਵੇ** - ਹਾਲਾਂਕਿ ਵਿਗਿਆਨੀ ਮੌਨਸੂਨ ਦੀ ਆਮਦ ਦੇ ਨਾਲ ਝੋਨੇ ਦੀ ਕਾਸ਼ਤ ਦੀ ਸਿਫਾਰਿਸ਼ ਕਰਦੇ ਹਨ ਪਰ ਜ਼ਮੀਨੀ ਹਕੀਕਤ ਨੂੰ ਦੇਖਦਿਆਂ ਸਰਕਾਰ ਨੂੰ ਹੇਠ ਲਿਖੇ ਕਾਰਨਾਂ ਕਰ ਕੇ 20 ਜੂਨ ਤੋਂ ਪੜਾਅਵਾਰ ਕਾਸ਼ਤ ਦੀ ਸਮਾਂ-ਸਾਰਨੀ ਲਾਗੂ ਕਰਨੀ ਚਾਹੀਦੀ ਹੈ, ਕਾਰਨ ਹਨ...

★ ਕਿਸਾਨ ਹੁਣ ਜ਼ਿਆਦਾਤਰ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਝੋਨੇ ਦੀਆਂ ਕਿਸਮਾਂ ਬੀਜ ਰਹੇ ਹਨ ਜੋ ਓਨੀ ਹੀ ਪੈਦਾਵਾਰ ਲਈ 90-100 ਦਿਨ ਲੈਂਦੀਆਂ ਹਨ, ਜਿੰਨੀ ਪੈਦਾਵਾਰ ਤੇ ਪਕਾਈ ਲਈ 2009 ਤੋਂ ਪਹਿਲਾਂ ਦੀਆਂ ਕਿਸਮਾਂ 130-140 ਦਿਨ ਲੈਂਦੀਆਂ ਸਨ ।

★ ਆਪਣੇ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਤੇ ਸੰਭਾਲਣ ਲਈ ਝੋਨੇ ਦੀ ਲਵਾਈ ਦੀ ਮਿਤੀ ਨਿਯਤ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਸੀ, ਜਿਸ ਨੇ ਇਸ ਮੰਤਵ ਲਈ 2008 ਵਿਚ ਅਗਾਂਹਵਧੂ ਕਾਨੂੰਨ ਬਣਾਇਆ ਸੀ । ਇਸ ਕਾਨੂੰਨ ਤਹਿਤ ਝੋਨੇ ਦੀ ਕਾਸ਼ਤ ਲਈ 10 ਜੂਨ ਦੀ ਤਰੀਕ ਮਿੱਥੀ ਗਈ ਸੀ, ਜਿਸ ਨੂੰ 2014 ਵਿੱਚ 10 ਜੂਨ ਤੱਕ ਵਧਾ ਦਿੱਤਾ ਗਿਆ ਤੇ ਉਦੋਂ ਤੋਂ ਲੈ ਕੇ ਹੁਣ ਤੱਕ ਥੋੜ੍ਹੀ-ਬਹੁਤੀ ਫੇਰਬਦਲ ਨਾਲ ਇਹ ਉਸੇ ਪੱਧਰ ਉੱਤੇ ਜਾਰੀ ਹੈ । ਜ਼ਿਆਦਾਤਰ ਕਿਸਾਨਾਂ ਨੇ ਪਿਛਲੇ 17 ਸਾਲਾਂ ਵਿਚ 'ਦਿ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ ਸੋਇਲ ਵਾਟਰ ਐਕਟ 2009' ਤਹਿਤ ਆਪਣੀਆਂ ਸਾਉਣੀ ਦੀਆਂ ਖੇਤੀ ਗਤੀਵਿਧੀਆਂ ਨੂੰ ਨਿਯਮਿਤ ਕਰ ਲਿਆ ਹੈ । ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਦੀ ਰਿਪੋਰਟ ਮੁਤਾਬਿਕ, 2009 ਤੋਂ ਪਹਿਲਾਂ ਪਾਣੀ ਦੇ ਪੱਧਰ ਵਿਚ ਸਾਲਾਨਾ 75 ਸੈਂਟੀਮੀਟਰ ਦੀ ਗਿਰਾਵਟ ਦਰਜ ਕੀਤੀ ਜਾ ਰਹੀ ਸੀ, ਜੋ ਕਾਨੂੰਨ ਦੇ ਅਸਰਦਾਰ ਢੰਗ ਨਾਲ ਲਾਗੂ ਹੋਣ ਤੋਂ ਬਾਅਦ ਦੇ ਦੌਰ 'ਚ ਘਟ ਕੇ 40 ਸੈਂਟੀਮੀਟਰ ਰਹਿ ਗਈ ।

★ ਤਾਜ਼ਾ ਰਿਪੋਰਟਾਂ ਮੁਤਾਬਿਕ, ਪੰਜਾਬ ਦੇ ਤਿੰਨ ਡੈਮਾਂ-ਭਾਖੜਾ ਡੈਮ, ਰਣਜੀਤ ਸਾਗਰ ਡੈਮ ਤੇ ਪੌਂਗ ਡੈਮ ਵਿਚ ਪਾਣੀ ਦਾ ਪੱਧਰ ਪਿਛਲੇ ਸਾਲਾਂ ਦੇ ਮੁਕਾਬਲੇ ਔਸਤ ਤੋਂ 52 ਫੀਸਦੀ ਘੱਟ ਹੈ । ਪੰਜਾਬ ਨੂੰ ਝੋਨਾ ਲਾਉਣ ਲਈ ਇਨ੍ਹਾਂ ਤਿੰਨਾਂ ਡੈਮਾਂ ਤੋਂ ਲਗਭਗ 14.50 ਐੱਮ ਏ ਐੱਫ ਪਾਣੀ ਮਿਲਦਾ ਹੈ । ਇਸ ਲਈ ਗਰਮੀਆਂ ਦੀ ਰੁੱਤ ਵਿਚ ਸਿੰਜਾਈ ਲਈ ਘੱਟ ਨਹਿਰੀ ਪਾਣੀ ਉਪਲੱਬਧ ਹੋਵੇਗਾ, ਜਿਸ ਕਰਕੇ ਝੋਨੇ ਦੀ ਫਸਲ ਲਈ ਜ਼ਮੀਨ ਹੇਠਲੇ ਪਾਣੀ ਉੱਤੇ ਵਾਧੂ ਬੋਝ ਪਾਏਗਾ । ਇੱਕ ਕਿਲੋ ਝੋਨਾ ਪੈਦਾ ਕਰਨ ਲਈ 4000 ਲੀਟਰ ਪਾਣੀ ਦੀ ਲੋੜ ਪੈਂਦੀ ਹੈ, ਇਸ ਲਈ ਨਹਿਰੀ ਪਾਣੀ ਵਿਚ ਕਿਸੇ ਵੀ ਕਿਸਮ ਦੀ ਕਮੀ ਦੀ ਪੂਰਤੀ ਕਿਸਾਨਾਂ ਵੱਲੋਂ ਧਰਤੀ ਹੇਠਲਾ ਪਾਣੀ ਕੱਢ ਕੇ ਕੀਤੀ ਜਾਵੇਗੀ ।

★ ਮੌਸਮ ਵਿਭਾਗ ਤਾਪਮਾਨ ਆਮ ਨਾਲੋਂ ਵੱਧ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ । ਇਸ ਵਾਰ ਗਰਮੀ ਦੀ ਰੁੱਤ, ਖਾਸ ਕਰ ਕੇ ਜੂਨ ਵਿਚ ਲੂ ਦੇ ਲੰਮਾ ਚੱਲਣ ਦੀ ਸੰਭਾਵਨਾ ਜ਼ਾਹਿਰ ਕੀਤੀ ਹੈ, ਇਸ ਲਈ ਜੂਨ ਮਹੀਨੇ ਜਾਂ ਇਸ ਤੋਂ ਪਹਿਲਾਂ ਝੋਨੇ ਦੀ ਕਾਸ਼ਤ ਲਈ ਤਪਸ਼ ਕਾਰਨ ਜ਼ਿਆਦਾ ਪਾਣੀ ਦੀ ਲੋੜ ਰਹੇਗੀ । ਇੱਥੇ ਝੋਨੇ ਦੀ ਕਾਸ਼ਤ ਨੂੰ ਜੂਨ ਦੇ ਅਖੀਰਲੇ ਦਿਨਾਂ ਜਾਂ ਮੌਨਸੂਨ ਦੇ ਨੇੜੇ-ਤੇੜੇ ਰੱਖਣ ਦੀ ਮੰਗ ਪੈਦਾ ਹੁੰਦੀ ਹੈ ।

★ ਜੂਨ ਦੇ ਅਖੀਰ 'ਚ ਲਾਇਆ ਝੋਨਾ ਅਕਤੂਬਰ ਦੇ ਸ਼ੁਰੂ ਵਿਚ ਪੱਕ ਜਾਂਦਾ ਹੈ, ਜਦੋਂ ਵਾਢੀ ਲਈ ਵੀ ਵਧੀਆ ਸਥਿਤੀਆਂ ਹੁੰਦੀਆਂ ਹਨ । ਜਲਦੀ ਬੀਜੇ ਝੋਨੇ ਦੀ ਕਟਾਈ ਸਤੰਬਰ ਮਹੀਨੇ ਮੌਨਸੂਨ ਦੇ ਅਖੀਰਲੇ ਪੜਾਅ ਵਿਚ ਆ ਜਾਂਦੀ ਹੈ, ਜਿਸ ਕਾਰਨ ਫਸਲ ਭਰਵੇਂ ਮੀਂਹਾਂ, ਝੱਖੜਾਂ ਤੇ ਵੱਧ ਨਮੀਂ ਦੀ ਲਪੇਟ ਵਿਚ ਆਉਂਦੀ ਹੈ । ਨਤੀਜੇ ਵਜੋਂ ਕਿਸਾਨਾਂ ਨੂੰ ਮੰਡੀਕਰਨ 'ਚ ਦਿੱਕਤਾਂ ਝੱਲਣੀਆਂ ਪੈਂਦੀਆਂ ਹਨ, ਜਦੋਂਕਿ ਭਾਰਤ ਸਰਕਾਰ ਵੀ ਪਹਿਲੀ ਅਕਤੂਬਰ ਤੋਂ ਝੋਨੇ ਦੀ ਖਰੀਦ ਦੇ ਆਦੇਸ਼ ਦਿੰਦੀ ਹੈ ।

2) **ਲੰਮਾਂ ਸਮਾਂ ਲੈਣ ਵਾਲੀ ਪੂਸਾ 44 ਕਿਸਮ ਨੂੰ ਬੰਦ ਕੀਤਾ ਜਾਵੇ** : ਪੂਸਾ 44 ਕਿਸਮ ਤੇ ਇਸ ਦੇ ਹੋਰ ਰੂਪ (ਪੀਲੀ ਪੂਸਾ ਤੇ ਡੋਜਰ ਪੂਸਾ) ਨਾ ਸਿਰਫ ਵੱਧ ਸਮਾਂ ਲੈ ਕੇ ਜ਼ਿਆਦਾ ਪਾਣੀ ਖਿੱਚਦੇ ਹਨ ਸਗੋਂ ਵੱਧ ਰਹਿੰਦ-ਖੂੰਹਦ ਪੈਦਾ ਕਰ ਕੇ ਪ੍ਰਦੂਸ਼ਣ ਵਿਚ ਵਿੱਚ ਹਿੱਸਾ ਪਾਉਂਦੇ ਹਨ । ਕਿਸਾਨਾਂ ਨੂੰ ਅਗਾਊਂ ਸੁਚੇਤ ਕਰ ਕੇ ਪੰਜਾਬ ਨੂੰ ਇਸ ਦੀ ਕਾਸ਼ਤ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਰਾਜ ਦੀਆਂ ਖਰੀਦ ਏਜੰਸੀਆਂ ਨੂੰ ਇਸ ਕਿਸਮ ਦਾ ਅਨਾਜ ਨਾ ਖਰੀਦਣ ਲਈ ਕਹਿਣਾ ਚਾਹੀਦਾ ਹੈ ।

3) **ਜ਼ਮੀਨ ਹੇਠਲੇ ਪਾਣੀ ਦੀ ਪੂਰਤੀ ਲਈ ਵਿਆਪਕ ਰਣਨੀਤੀ** : ਪੰਜਾਬ ਸਾਲਾਨਾ ਜਿੰਨਾ ਪਾਣੀ ਧਰਤੀ ਨੂੰ ਮੋੜਦਾ ਹੈ, ਉਸ ਤੋਂ 11 ਐੱਮ ਏ ਐੱਫ ਵੱਧ ਕੱਢ ਲੈਂਦਾ ਹੈ, ਪਾਣੀ ਕੱਢਣ ਦੀ ਦਰ 165 ਪ੍ਰਤੀਸ਼ਤ ਹੈ ਜੋ ਕਿ ਬਿਲਕੁਲ ਵੀ ਟਿਕਾਊ ਨਹੀਂ ਹੈ, ਕਿਉਂਕਿ ਕੌਮਾਂਤਰੀ ਪੱਧਰ ਉੱਤੇ ਇਹ 75 ਪ੍ਰਤੀਸ਼ਤ ਮਿੱਥੀ ਗਈ ਹੈ । ਇਸ ਲਈ ਰਾਜ ਨੂੰ ਜ਼ਮੀਨ ਹੇਠਲੇ ਪਾਣੀ ਦੀ ਪੂਰਤੀ ਲਈ ਵਿਆਪਕ ਨੀਤੀ ਲਾਗੂ ਕਰਨੀ ਚਾਹੀਦੀ ਹੈ ਤਾਂ ਕਿ ਜਿੰਨਾ ਪਾਣੀ ਕੱਢਿਆ ਜਾ ਰਿਹਾ ਹੈ ਓਨਾ ਰੀਚਾਰਜ ਵੀ ਹੋ ਸਕੇ । ਲੋਕਾਂ ਦੀ ਸਰਗਰਮ ਸ਼ਮੂਲੀਅਤ ਦੇ ਨਾਲ ਬਣਾਉਟੀ ਤੇ ਕੁਦਰਤੀ ਰੀਚਾਰਜ ਤਕਨੀਕਾਂ ਦਾ ਮਿਸ਼ਰਤ ਢਾਂਚਾ ਅਪਣਾਇਆ ਜਾ ਸਕਦਾ ਹੈ ।

4) **ਫਸਲੀ ਵਿਭਿੰਨਤਾ ਨੂੰ ਹੁਲਾਰਾ** : ਕਿਸੇ ਵੇਲੇ ਪੰਜਾਬ 'ਚ ਸਾਉਣੀ ਰੁੱਤੇ ਕਪਾਹ ਤੇ ਮੱਕੀ ਦਾ ਬੋਲਬਾਲਾ ਹੁੰਦਾ ਸੀ । ਹਾਲਾਂਕਿ ਲਾਭ ਤੋਂ ਸੱਖਣੇ ਫਸਲੀ ਉਤਪਾਦਨ ਤੇ ਮੰਡੀਕਰਨ ਮਾਹੌਲ ਨੇ ਕਿਸਾਨਾਂ ਨੂੰ ਇਹ ਫਸਲਾਂ ਛੱਡਣ ਤੇ ਝੋਨੇ ਵੱਲ ਮੁੜਨ ਲਈ ਮਜਬੂਰ ਕਰ ਦਿੱਤਾ ਜੋ ਕਿ ਨਾ ਸਿਰਫ ਉਤਪਾਦਨ ਦੇ ਜੋਖਮਾਂ ਤੋਂ ਬੇਲਾਗ ਸੀ ਸਗੋਂ ਐੱਮ ਐੱਸ ਪੀ ਦੀ ਗਾਰੰਟੀ ਵੀ ਦਿੰਦਾ ਸੀ ਅਤੇ ਮਾਰਕੀਟ ਕਲੀਅਰੈਂਸ ਵੀ ਯਕੀਨੀ ਸੀ । ਨਤੀਜੀ ਵਜੋਂ ਝੋਨੇ ਹੇਠਲਾ ਰਕਬਾ 1990 ਵਿਚ 50 ਲੱਖ ਹੈਕਟੇਅਰ ਤੋਂ ਵੱਧ ਕੇ ਪਿਛਲੇ ਸਾਲ 80 ਲੱਖ ਹੈਕਟੇਅਰ ਹੋ ਗਿਆ ਜਿਸ ਨੇ ਜ਼ਮੀਨ ਹੇਠਲੇ ਪਾਣੀ ਦੇ ਸਰੋਤਾਂ ਉੱਤੇ ਵੱਡਾ ਬੋਝ ਪਾਇਆ ।

ਵੀਹ ਲੱਖ ਏਕੜ 'ਤੇ ਸਾਉਣੀ ਦੀਆਂ ਹੋਰ ਫਸਲਾਂ ਨੂੰ ਉਤਸ਼ਾਹਿਤ ਕਰ ਕੇ ਜ਼ਮੀਨੀ ਪਾਣੀ ਦਾ ਸੰਤੁਲਨ ਬਹਾਲ ਕੀਤਾ ਜਾ ਸਕਦਾ ਹੈ । ਸ਼ੁਰੂਆਤੀ ਕਦਮ ਵਜੋਂ ਸਰਕਾਰ ਨੂੰ ਉਨ੍ਹਾਂ 11 ਬਲਾਕਾਂ ਵਿਚ ਬਦਲਦੀਆਂ ਫਸਲਾਂ ਦੀ ਖੇਤੀ ਯਕੀਨੀ ਬਣਾਉਣੀ ਚਾਹੀਦੀ ਹੈ ਜਿੱਥੇ ਪਾਣੀ ਕੱਢਣ ਦੀ ਦਰ, ਪੂਰਤੀ (ਰੀਚਾਰਜ) ਤੋਂ ਖਤਰਨਾਕ ਢੰਗ ਨਾਲ 300 ਫੀਸਦੀ ਉੱਤੇ ਜਾ ਚੁੱਕੀ ਹੈ ।

ਪੰਜਾਬ ਵਿਚ ਖੇਤੀਬਾੜੀ ਚੌਰਾਹੇ ਉੱਤੇ ਖੜ੍ਹੀ ਹੈ । ਖੇਤੀ ਲਈ ਅਲਾਟ 14,524 ਕਰੋੜ ਰੁਪਏ ਦੇ ਬਜਟ ਦੇ ਬਾਵਜੂਦ ਇਸ ਖੇਤਰ ਦੇ ਕਸ਼ਟ ਘਟੇ ਨਹੀਂ ਤੇ ਜ਼ਮੀਨ ਹੇਠਲੇ ਪਾਣੀ ਦਾ ਸੰਕਟ ਨਿਰੰਤਰ ਬਦਤਰ ਹੁੰਦਾ ਜਾ ਰਿਹਾ ਹੈ । ਨੀਤੀ ਵਿਚ ਫੌਰੀ ਬਦਲਾਅ ਤੇ ਠੋਸ ਕਾਰਵਾਈ ਤੋਂ ਬਿਨਾਂ ਪੰਜਾਬ ਦਾ ਖੇਤੀ ਅਰਥਚਾਰਾ ਤੇ ਵਾਤਾਵਰਨ ਸਥਿਰਤਾ ਗੰਭੀਰ ਖਤਰੇ 'ਚ ਘਿਰੇ ਰਹਿਣਗੇ । ਕਾਰਵਾਈ ਕਰਨ ਦਾ ਇਹੀ ਸਮਾਂ ਹੈ ।

# ਸੱਚ ਤੇ ਹੱਕ ਦੀ ਜੀਵਨ ਵਿਚ ਕੀ ਮਹੱਤਤਾ ਹੈ

ਜੀਵਨ ਵਿਚ ਕਾਫੀ ਕਠਨਾਈਆਂ, ਉੱਚਾਈਆਂ, ਮੁਸ਼ਕਲਾਂ ਦੁੱਖ ਸੁੱਖ ਆਉਂਦੇ ਹਨ ਅਤੇ ਚਲੇ ਜਾਂਦੇ ਹਨ, ਜੀਵਨ ਇਕ ਸੰਘਰਸ਼ ਹੈ । ਇਸਨੂੰ ਸਿਆਣੇ ਬਣ ਬਤੀਤ ਕਰਨਾ ਹੈ । ਸੱਚ ਹੈ ਤੇ ਹੱਕ ਦਾ ਹਾਮੀ ਵੀ ਜੀਵਨ ਧਾਰਨਾ ਕਰ ਜਾਂਦਾ ਹੈ । ਜੇ ਕੋਈ ਝੂਠ ਬੋਲਦਾ ਹੈ ਤਾਂ ਉਸਨੂੰ ਸੱਚ ਬਣਾਉਣ ਝੂਠਾਂ ਦੀ ਝੜੀ ਲਾਉਣ ਨਾਲ ਵੀ ਉਹ ਸੱਚ ਸੱਚ ਹੀ ਆਪਣੇ ਸਥਾਨ ਤੇ ਅਟੱਲ ਖੜ੍ਹਾ ਹੈ । ਜੇ ਸੱਚ ਨੂੰ ਝੂਠ ਬਣਾਈਏ ਤਾਂ ਕਦੇ ਨਹੀਂ ਬਣਦਾ ਹੈ । ਸੱਚ ਦੀ ਹਮੇਸ਼ਾਂ ਜਿੱਤ ਹੁੰਦੀ ਹੈ ਅਤੇ ਦੁਨੀਆਂ ਵਿਚ ਸੱਚੇ ਮਨੁੱਖ ਦੀ ਇੱਜ਼ਤ ਸਤਿਕਾਰ ਮਾਣ ਪ੍ਰਾਪਤ ਹੁੰਦਾ ਹੈ । ਸੱਚਾਈ ਵਿਚ ਪ੍ਰਮਾਤਮਾ ਦਾ ਵਾਸਾ ਹੈ । ਸੱਚ ਨੂੰ ਕਿਤੇ ਵੀ ਡਰ ਨਹੀਂ ਬੇਖੌਫ ਹੁੰਦਾ ਹੈ । ਸੱਚ ਤੇ ਹੱਕ ਦਾ ਸੁਮੇਲ ਕਰਨਾ ਵਾਜਬ ਹੈ ਕਿਉਂਕਿ ਜੀਵਨ ਵਿਚ ਹੱਕ ਦਾ ਮਹੱਤਵ ਬਹੁਤ ਜ਼ਿਆਦਾ ਹੈ ਕੋਈ ਪ੍ਰਾਪਤ ਕਰਨਾ ਜੀਵਨ ਵਿਚ ਹੱਕ ਦਾ ਹੀ ਸਫਲ ਪੂਰਨ ਹੋ ਕੇ ਨਿਭੜਦਾ ਹੈ ਕਿਸੇ ਦੇ ਹੱਕ ਤੇ ਡਾਕਾ ਮਾਰਨਾ ਬਹੁਤ ਕੋਝੀ ਹਰਕਤ ਹੈ । ਹੱਕ ਦੀ ਕੋਈ ਵਸਤੂ ਪ੍ਰਾਪਤ ਕਰਨੀ ਜੀਵਨ ਸੁਆਦਲਾ ਤੇ ਵਧੀਆ ਮਿਆਰੀ ਹੁੰਦਾ ਹੈ ਅਤੇ ਪੱਧਰੇ ਰਸਤੇ ਚੱਲਦਿਆਂ ਕਿਸੇ ਤੋਂ ਨਹੀਂ ਹੁੰਦਾ ਹੈ ਅਤੇ ਜਹਾਨ ਵੀ ਉਸ ਉਸਤਤ ਕਰਦਾ ਹੈ ਅਤੇ ਦੁਨੀਆਂ ਵਿਚ ਸਤਿਕਾਰ ਦੇ ਨਾਲ ਸਿਰ ਉੱਚਾ ਹੁੰਦਾ ਹੈ ਅਤੇ ਆਪਣੇ ਪੰਧ ਤੇ ਨਿੱਡਰ ਹੋ ਚੱਲਿਆ ਜਾਂਦਾ ਹੈ । ਜੀਵਨ ਵਿਚ ਵੱਖਰਾ ਹੀ ਕੁਦਰਤੀ ਜਾਨੂੰਨ ਮਿਲਦਾ ਹੈ । ਸਮਾਜ ਵਿਚ ਸੱਚ ਤੇ ਆਪਣੇ ਹੱਕ ਦਾ ਪ੍ਰਾਪਤ ਕਰਨਾ ਆਪਨਾ ਸਿਰ ਉੱਚਾ ਰੱਖਣ ਦਾ ਸੇਧ ਦਿੰਦਾ ਹੈ । ਸਚਾਈਆਂ ਹੀ ਹਮਸ਼ਾਂ ਦੁਨੀਆਂ ਵਿਚ ਸਫਲ ਹੁੰਦੀਆਂ ਹਨ । ਝੂਠ ਨੂੰ ਹਮੇਸ਼ਾ ਮਾਰ ਝੱਲਣੀ ਹੀ ਝੱਲਣੀ ਹੈ । ਅਤੇ ਸੱਚ ਤੇ ਆਪਣੇ ਹੱਕ ਨੂੰ ਸਹੀ ਵਰਤਣਾ ਜੀਵਨ ਸਫਲਤਾ ਦਾ ਇਕ ਪੱਧਰ ਰਸਤਾ ਹੈ ਕਿਸੇ ਹੱਕ ਤੇ ਕਬਜ਼ਾ ਕਰ ਲੈਣਾ ਇਕ ਜੀਵਨ ਵਿਚ ਵਡੀ ਲਾਹਨਤ ਹੈ ਅਤੇ ਇੱਜ਼ਤ ਸਤਿਕਾਰ ਮਿੱਟੀ ਮਿਲ ਜਾਂਦਾ ਹੈ ਅਤੇ ਸਮਾਜ ਵਿਚ ਵੀ ਲਾਹਨਤਾਂ ਫਟਕਾਰਾਂ ਮਿਲਣ ਤੋਂ ਬਿਨਾਂ ਕੁਝ ਪੱਲੇ ਨਹੀਂ ਪੈਂਦਾ ਹੈ । ਇਸ ਲਈ ਸੱਚ ਤੇ ਹੱਕ ਦੀ ਹੋਂਦ ਨੂੰ ਜੀਵਨ ਵਿਚ ਪਹਿਲੇ ਦਰਜੇ ਤੋਂ ਦਰਜ ਕਰੋ ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲ੍ਹਾ ਫਿਰੋਜ਼ਪੁਰ-152028
ਮੋ: 7814490249

# ਪਸ਼ੂਆਂ ਵਿਚ ਲੰਪੀ ਚਮੜੀ ਰੋਗ

ਚਮੜੀ ਦੇ ਰੋਗ ਵਾਲੀ ਇਹ ਬਿਮਾਰੀ ਇਕ ਲਾਗ ਦੀ ਬਿਮਾਰੀ ਹੈ, ਜਿਸ ਵਿਚ ਪ੍ਰਭਾਵਿਤ ਪਸ਼ੂਆਂ ਵਿਚ ਬੁਖਾਰ ਅਤੇ ਚਮੜੀ ਤੇ ਧੱਫੜ ਸਰੀਰ ਦੇ ਸਾਰੇ ਹਿੱਸਿਆਂ ਤੇ ਹੋ ਜਾਂਦੇ ਹਨ । ਇਹ ਬਿਮਾਰੀ ਪਸ਼ੂਆਂ ਦੀ ਸਿਹਤ ਤੇ ਬਹੁਤ ਜ਼ਿਆਦਾ ਅਸਰ ਪਾਉਂਦੀ ਹੈ । ਜਿਸ ਕਰਕੇ ਗੰਭੀਰ ਆਰਥਿਕ ਨੁਕਸਾਨ ਹੋ ਸਕਦੇ ਹਨ । ਇਹ ਬਿਮਾਰੀ ਕੈਪਰੀ ਪੌਕਸ ਵਾਇਰਸ ਦੁਆਰਾ ਹੁੰਦੀ ਹੈ ਅਤੇ ਮੱਖੀ/ਮੱਛਰ/ਚਿੱਚੜ ਇਸਨੂੰ ਫੈਲਾਉਣ ਲਈ



ਸਹਾਈ ਹੁੰਦੇ ਹਨ ।

**ਪ੍ਰਭਾਵਿਤ ਜਾਨਵਰਾਂ ਵਿੱਚ ਲੱਛਣ**

★ ਤੇਜ਼ ਬੁਖਾਰ (105-106 ਡਿਗਰੀ ਫਾਰਨਹੀਟ)
★ ਦੁੱਧ ਦੇ ਉਤਪਾਦਨ ਵਿਚ ਭਾਰੀ ਕਮੀ ਆਉਣਾ
★ ਭੁੱਖ ਦਾ ਘੱਟਣਾ
★ ਅੱਖਾਂ ਚੋਂ ਪਾਣੀ ਆਉਣਾ, ਨੱਕ ਦਾ ਵਗਣਾ
★ ਚਮੜੀ ਤੇ 2-5 ਸੈਂਟੀਮੀਟਰ ਦੀਆਂ ਗੰਢਾਂ ਦਾ ਬਣਨਾ

**ਰੋਕਥਾਮ**

★ ਸਿਹਤਮੰਦ ਵੱਗ ਨੂੰ ਲੰਪੀ ਸਕਿਨ ਰੋਗ ਦੀ ਵੈਕਸੀਨ ਦਾ ਟੀਕਾ ਲਰਵਾਓ ।
★ ਪ੍ਰਭਾਵਿਤ ਪਸ਼ੂਆਂ ਨੂੰ ਤੰਦਰੁਸਤ ਪਸ਼ੂਆਂ ਨਾਲੋਂ ਅਲੱਗ ਰੱਖੋ ।
★ ਮੱਖੀ/ਮੱਛਰਾਂ/ਚਿੱਚੜਾਂ ਦੀ ਰੋਕਥਾਮ ਲਈ ਉਪਰਾਲੇ ਕਰੋ ।
★ ਸ਼ੱਕੀ ਪਸ਼ੂ ਦਾ ਰੱਖ-ਰਖਾਵ ਕਰਨ ਮਗਰੋਂ ਹੱਥਾਂ ਨੂੰ ਚੰਗੀ ਤਰ੍ਹਾਂ ਨਾਲ ਧੋ ਲਵੋ ।
★ ਇਹ ਬਿਮਾਰੀ ਨਾਲ ਮਰੇ ਪਸ਼ੂਆਂ ਨੂੰ ਡੂੰਘੇ ਟੋਟੇ ਵਿਚ ਚੂਨਾ ਪਾ ਕੇ ਦੱਬ ਦਿਓ ।
★ ਸ਼ੱਕ ਹੋਣ ਦੀ ਸਥਿਤੀ 'ਚ ਨੇੜਲੇ ਦੇ ਵੈਟਰਨਰੀ ਹਸਪਤਾਲ ਨਾਲ ਸੰਪਰਕ ਕਰੋ ।

**ਵਿਵੇਕ ਸ਼ਰਮਾ ਅਤੇ ਕਰਮਜੀਤ ਸ਼ਰਮਾ, ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ (ਮੋਬਾਇਲ : 98769-17183)**

-------- ਬਾਕੀ ਸਫਾ 5 ਦੀ --------

# ਨਰਮੇ-ਕਪਾਹ ਤੋਂ ਵੱਧ ਝਾੜ ਲੈਣ ਲਈ ਵਿਕਸਿਤ ਕਾਸ਼ਤ ਤਕਨੀਕਾਂ

ਬਿਜਾਈ ਸਮੇਂ ਪਾ ਦੇਣੀ ਚਾਹੀਦੀ ਹੈ । ਲੋੜ ਅਨੁਸਾਰ ਯੂਰੀਆ ਪਾਉਣ ਲਈ ਪੱਤਾ ਰੰਗ ਚਾਰਟ ਦੀ ਵਰਤੋਂ ਕੀਤੀ ਜਾ ਸਕਦੀ ਹੈ । ਮੈਗਨੀਸ਼ੀਅਮ ਸਲਫੇਟ 25 ਕਿਲੋ ਬਿਜਾਈ ਸਮੇਂ ਪਾ ਦਿਓ ।

ਬੋਰੋਨ ਦੀ ਘਾਟ ਵਾਲੀਆਂ ਜ਼ਮੀਨਾਂ (0.5 ਕਿਲੋ ਪ੍ਰਤੀ ਏਕੜ ਤੋਂ ਘੱਟ ਬੋਰੋਨ), ਜਿਸ ਵਿਚ 2% ਜਾਂ ਵਧੇਰੇ ਕੈਲਸ਼ੀਅਮ ਕਾਰਬੋਨੇਟ ਹੋਣ, ਵਿਚ ਬਿਜਾਈ ਦੇ ਸਮੇਂ 400 ਗ੍ਰਾਮ ਬੋਰੋਨ (4 ਕਿਲੋ ਬੋਰੈਕਸ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ । ਬੋਰੋਨ ਨੂੰ ਅਨ੍ਹੇਵਾਹ ਢੰਗ ਨਾਲ ਸਾਰੀਆਂ ਜ਼ਮੀਨਾਂ ਵਿਚ ਨਹੀਂ ਪਾਉਣਾ ਚਾਹੀਦਾ, ਕਿਉਂਕਿ ਜ਼ਮੀਨ ਵਿਚ ਬਹੁਤ ਜ਼ਿਆਦਾ ਬੋਰੋਨ ਫਸਲ ਲਈ ਜ਼ਹਿਰੀਲਾ ਸਾਬਤ ਹੋ ਸਕਦਾ ਹੈ ।

ਨਰਮੇ ਤੋਂ ਵਧੇਰੇ ਝਾੜ ਲੈਣ ਲਈ ਪੋਟਾਸ਼ੀਅਮ ਨਾਈਟ੍ਰੇਟ ਦੇ 4 ਸਪਰੇਅ ਕਰਨ ਨਾਲ ਫੁੱਲ ਡੋਡੀ ਅਤੇ ਕੱਚੇ ਟੀਂਡੇ ਨਹੀਂ ਝੜਦੇ, ਜਿਸ ਨਾਲ ਪੈਦਾਵਾਰ ਵਿਚ ਚੋਖਾ ਵਾਧਾ ਹੁੰਦਾ ਹੈ । ਫੁੱਲਾਂ ਦੀ ਸ਼ੁਰੂਆਤ ਤੋਂ ਲੈ ਕੇ 2% ਪੋਟਾਸ਼ੀਅਮ ਨਾਈਟ੍ਰੇਟ (13 : 0 : 45) ਦੇ ਚਾਰ ਸਪਰੇਅ ਹਫਤੇ ਦੇ ਵਕਫੇ ਤੇ ਕਰੋ । ਪੋਟਾਸ਼ੀਅਮ ਨਾਈਟ੍ਰੇਟ ਦੇ ਚਾਰ ਸਪਰੇਅ ਕਰਨ ਨਾਲ ਫੁੱਲ ਡੋਡੀ ਅਤੇ ਕੱਚੇ ਟੀਂਡੇ ਨਹੀਂ ਝੜਦੇ, ਜਿਸ ਤਰ੍ਹਾਂ ਪੈਦਾਵਾਰ ਵਿਚ ਚੋਖਾ ਵਾਧਾ ਹੁੰਦਾ ਹੈ । ਬੀ ਟੀ ਨਰਮੇ ਵਿਚ ਪੱਤਿਆਂ ਦੀ ਲਾਲੀ ਦੀ ਰੋਕਥਾਮ ਲਈ, 1% ਮੈਗਨੀਸ਼ੀਅਮ ਸਲਫੇਟ (1 ਕਿਲੋ ਮੈਗਨੀਸ਼ੀਅਮ ਸਲਫੇਟ ਨੂੰ 100 ਲਿਟਰ ਪਾਣੀ ਵਿਚ ਘੋਲ ਲਓ) ਦੇ ਦੋ ਸਪਰੇਅ ਫੁੱਲ ਡੋਡੀ ਅਤੇ ਟੀਂਡੇ ਬਨਣ ਦੀ ਅਵਸਥਾ ਦੌਰਾਨ 15 ਦਿਨਾਂ ਦੇ ਵਕਫੇ ਤੇ ਕਰੋ । ਜਿਹੜੇ ਖੇਤਾਂ ਵਿਚ ਪਿਛਲੇ ਸਾਲ ਨਰਮੇ ਤੇ ਲਾਲੀ ਆਈ ਹੋਵੇ, ਉੱਥੇ ਪੱਤਿਆਂ ਤੇ ਲਾਲੀ ਪ੍ਰਗਟ ਹੋਣ ਤੋਂ ਪਹਿਲਾਂ 1 ਪ੍ਰਤੀਸ਼ਤ ਮੈਗਨੀਸ਼ੀਅਮ ਸਲਫੇਟ ਦੇ ਦੋ ਸਪਰੇਅ ਜ਼ਰੂਰ ਕਰੋ ।

ਘੱਟ ਉਪਜਾਊ ਜ਼ਮੀਨਾਂ ਵਿਚ ਫੁੱਲ ਡੋਡੀ ਆਉਣ ਅਤੇ ਟੀਂਡੇ ਬਣਨ ਸਮੇਂ ਖਾਸ ਕਰਕੇ ਬੀ ਟੀ ਨਰਮਾ ਕੁਮਲਾਉਣ, ਸੜਣ ਜਾਂ ਸੁੱਕਣ ਲੱਕ ਜਾਂਦਾ ਹੈ । ਇਸ ਸਮੇਂ ਦੌਰਾਨ ਜ਼ਮੀਨ ਵਿਚ ਪਏ ਤੱਤ ਫਸਲ ਦੀ ਲੋੜ ਪੂਰੀ ਕਰਨ ਵਿਚ ਅਸਮਰੱਥ ਹੁੰਦੇ ਹਨ । ਬੀ ਟੀ ਨਰਮੇ ਨੂੰ ਉੱਪਰ ਦੱਸੇ ਅਨੁਸਾਰ ਖਾਦਾਂ ਸੰਤੁਲਿਤ ਤਰੀਕੇ ਨਾਲ ਇਸ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ ।

**ਨਦੀਨਾਂ ਦਾ ਸੁਚੱਜਾ ਰੋਕਥਾਮ** : ਇਟਸਿਟ, ਮਧਾਣਾ, ਮੱਕੜਾ, ਚੁਲਾਈ, ਤਾਂਦਲਾ, ਭੱਖੜਾ ਅਤੇ ਕੰਗੀ ਬੂਟੀ ਨਰਮੇ-ਕਪਾਹ ਦੇ ਪ੍ਰਮੁੱਖ ਨਦੀਨ ਹਨ । ਇਹਨਾਂ ਨਦੀਨਾਂ ਦੀ ਰੋਕਥਾਮ 2-3 ਗੋਡੀਆਂ ਜਾਂ ਫਿਰ ਨਦੀਨਨਾਸ਼ਕਾਂ ਨਾਲ ਕੀਤੀ ਜਾ ਸਕਦੀ ਹੈ । ਤ੍ਰਿਫਾਲੀ ਜਾਂ ਟਰੈਕਟਰ ਟਿੱਲਰ (ਸੀਲਰ) ਨਾਲ ਨਦੀਨਾਂ ਦੀ ਰੋਕਥਾਮ ਫਸਲ ਦੇ ਸ਼ੁਰੂਆਤੀ ਪੜਾਅ ਵਿਚ ਕੀਤੀ ਜਾ ਸਕਦੀ ਹੈ, ਪਰ ਉਹਨਾਂ ਦੀ ਵਰਤੋਂ ਫੁੱਲ ਪੈਣ ਉਪਰੰਤ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਨਾਲ ਫੁੱਲ-ਡੋਡੀ ਝੜ ਜਾਂਦੀ ਹੈ । ਨਦੀਨਾਂ ਦੀ ਰੋਕਥਾਮ ਸਟੌਂਪ 30 ਈ.ਸੀ. (ਪੈਂਡੀਮੈਥਾਲਿਨ) 1 ਲੀਟਰ 200 ਲੀਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਦੇ 24 ਘੰਟਿਆਂ ਦੇ ਅੰਦਰ-ਅੰਦਰ ਛਿੜਕਾਅ ਕਰਕੇ ਵੀ ਕੀਤੀ ਜਾ ਸਕਦੀ ਹੈ । ਜੇਕਰ ਪਹਿਲੀ ਸਿੰਚਾਈ ਜਾਂ ਬਾਰਿਸ਼ ਤੋਂ ਬਾਅਦ ਨਦੀਨਾਂ ਦੇ ਜ਼ਿਆਦਾ ਜੰਮਣ ਦੀ ਸੰਭਾਵਨਾ ਹੋਵੇ ਤਾਂ ਵੀ, ਪਹਿਲੀ ਸਿੰਚਾਈ ਜਾਂ ਬਾਰਿਸ਼ ਤੋਂ ਬਾਅਦ ਚੰਗੇ ਵੱਤਰ 'ਤੇ ਇਹੋ ਦਵਾਈ ਨਦੀਨ ਉੱਗਣ ਤੋਂ ਪਹਿਲਾਂ ਖੇਤ ਵਿਚ ਸਪਰੇਅ ਕੀਤੀ ਜਾ ਸਕਦੀ ਹੈ । ਸਟੌਂਪ ਦੇ ਛਿੜਕਾਅ ਤੋਂ ਬਾਅਦ ਉੱਗੇ ਹੋਏ ਨਦੀਨਾਂ ਨੂੰ ਬਿਜਾਈ ਤੋਂ 45 ਦਿਨਾਂ ਬਾਅਦ ਇਕ ਗੋਡੀ ਜਾਂ ਤ੍ਰਿਫਾਲੀ ਜਾਂ ਸੀਲਰ ਨਾਲ ਕਾਬੂ ਕੀਤਾ ਜਾ ਸਕਦਾ ਹੈ ।

ਨਰਮੇ ਦੀ ਫਸਲ ਵਿਚ ਪਹਿਲੇ ਪਾਣੀ ਤੋਂ ਬਾਅਦ ਖੇਤ ਵੱਤਰ ਆਉਣ ਤੇ 500 ਮਿਲੀਲਿਟਰ ਹਿਟਵੀਡ ਮੈਕਸ (10 ਐਮ ਈ ਸੀ) ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨ ਤੇ ਘਾਹ ਵਾਲੇ ਅਤੇ ਚੌੜੇ ਪੱਤੇ ਵਾਲੇ ਮੌਸਮੀ ਨਦੀਨਾਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਬਰਸਾਤੀ ਮੌਸਮ ਦੌਰਾਨ ਨਦੀਨਾਂ ਦੀ ਰੋਕਥਾਮ ਲਈ 500 ਮਿ.ਲੀ. ਗਰੈਮਕਸੋਨ 24 ਐਸ.ਐੱਲ. (ਪੈਰਾਕੁਐਟ) ਜਾਂ 900 ਮਿ.ਲੀ. ਸਵੀਪ ਪਾਵਰ 13.5% ਐਸ.ਐੱਲ. (ਗਲੂਫੋਸੀਨੇਟ ਅਮੋਨੀਅਮ) ਨੂੰ 100 ਲੀਟਰ ਪਾਣੀ ਵਿਚ ਬਿਜਾਈ ਤੋਂ 6-8 ਹਫਤਿਆਂ ਬਾਅਦ ਜਦੋਂ ਫਸਲ ਦਾ ਕੱਦ 40-45 ਸੈਂਟੀਮੀਟਰ ਹੋਵੇ, ਕਤਾਰਾਂ ਵਿਚਕਾਰ ਛਿੜਕਾਅ ਕਰੋ । ਇਹ ਦੋਵੇਂ ਗੈਰ-ਚੋਣਵੇਂ ਨਦੀਨਨਾਸ਼ਕ ਹਨ, ਸੋ ਸਪਰੇਅ ਫਸਲ ਉੱਪਰ ਨਾ ਪਵੇ ਚਾਹੀਦੀ । ਛਿੜਕਾਅ ਕਰਦੇ ਸਮੇਂ ਨੋਜ਼ਲ ਜ਼ਮੀਨ ਤੋਂ 15-20 ਸੈਂਟੀਮੀਟਰ ਹੋਣੀ ਚਾਹੀਦੀ ਹੈ ਅਤੇ ਛਿੜਕਾਅ ਕਰਨ ਲਈ ਸੁਰੱਖਿਅਤ ਹੁੱਡ ਦੀ ਵਰਤੋਂ ਜ਼ਰੂਰ ਕਰੋ । ਵਗਦੀ ਹਵਾ ਵਿਚ ਇਹਨਾਂ ਨਦੀਨਨਾਸ਼ਕਾਂ ਦਾ ਛਿੜਕਾਅ ਨਾ ਕਰੋ ।

**ਬੂਟਿਆਂ ਦੇ ਅਣਚਾਹੇ ਵਾਧੇ ਨੂੰ ਰੋਕਣਾ** : ਜ਼ਿਆਦਾ ਉਪਜਾਊ ਜ਼ਮੀਨਾਂ ਵਿੱਚ ਨਰਮੇ ਦਾ ਅਣਚਾਹਾ ਵਾਧਾ ਸਮੱਸਿਆ ਬਣ ਜਾਂਦਾ ਹੈ ਜਿਸ ਨਾਲ ਫੁੱਲ ਘੱਟ ਪੈਂਦੇ ਹਨ । ਬੂਟਿਆਂ ਦੇ ਅਣਚਾਹੇ ਵਾਧੇ ਨੂੰ ਰੋਕਣ ਲਈ ਚਮਤਕਾਰ (ਮੈਪੀਕੁਐਟ ਕਲੋਰਾਈਡ 5%) ਦੇ ਦੋ ਸਪਰੇਅ 300 ਮਿਲੀਲੀਟਰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਰਤ ਕੇ ਬਿਜਾਈ ਤੋਂ ਕਰੀਬ 60 ਦਿਨ ਅਤੇ ਫੇਰ 75 ਦਿਨਾਂ ਮਗਰੋਂ ਕਰੋ ।

**ਸਿੰਚਾਈ ਅਤੇ ਜਲ ਨਿਕਾਸ** : ਬਾਰਿਸ਼ ਅਤੇ ਮੌਸਮ ਦੇ ਆਧਾਰ ਤੇਨਰਮੇ ਅਤੇ ਕਪਾਹ ਨੂੰ 4-6 ਪਾਣੀਆਂ ਦੀ ਲੋੜ ਹੁੰਦੀ ਹੈ । ਪਹਿਲਾ ਪਾਣੀ ਬਿਜਾਈ ਤੋਂ 4-6 ਹਫਤੇ ਬਾਅਦ ਅਤੇ ਅਗਲਾ 2-3 ਹਫਤੇ ਬਾਅਦ ਮਿੱਟੀ ਦੀ ਕਿਸਮ ਅਤੇ ਬਾਰਿਸ਼ ਦੇ ਆਧਾਰ ਤੇ ਦਿਓ । ਹਲਕੀਆਂ ਜ਼ਮੀਨਾਂ ਵਿਚ ਪਹਿਲੀ ਸਿੰਚਾਈ ਮੌਸਮ ਦੇ ਅਨੁਸਾਰ ਪਹਿਲਾਂ ਵੀ ਦਿੱਤੀ ਜਾ ਸਕਦੀ ਹੈ । ਆਖਰੀ ਪਾਣੀ ਸਤੰਬਰ ਦੇ ਅਖੀਰ ਵਿੱਚ ਲਾਓ ਤਾਂ ਜੋ ਟੀਂਡੇ ਵਧੀਆ ਖਿੜਨ । ਫੁੱਲ ਡੋਡੀ ਬਣਨ ਸਮੇਂ ਨਰਮੇ-ਕਪਾਹ ਨੂੰ ਕਦੇ ਵੀ ਪਾਣੀ ਦੀ ਔੜ ਨਾ ਲੱਗਣ ਦਿਓ । ਨਰਮੇ-ਕਪਾਹ ਵਿਚ ਪਾਣੀ ਜ਼ਿਆਦਾ ਸਮਾਂ ਖੜਨ ਨਾਲ ਫਸਲ ਦਾ ਨੁਕਸਾਨ ਹੁੰਦਾ ਹੈ । ਇਸ ਲਈ ਸਹੀ ਪਾਣੀ ਨਿਕਾਸ ਹੋਣਾ ਵੀ ਬਹੁਤ ਜ਼ਰੂਰੀ ਹੈ ।

**ਸੈਲੀਸਿਲਕ ਐਸਿਡ ਨਾਲ ਔੜ ਪ੍ਰਬੰਧਨ** : ਅਚਾਨਕ ਨਹਿਰੀ ਬੰਦੀ ਜਾਂ ਮੀਂਹ ਨਾ ਪੈਣ ਕਾਰਨ ਔੜ ਨਾਲ ਨਰਮੇ ਦੇ ਝਾੜ ਦੇ ਨੁਕਸਾਨ ਨੂੰ ਘੱਟ ਕਰਨ ਲਈ ਔੜ ਸਮੇਂ ਪ੍ਰਤੀ ਏਕੜ 12.5 ਗ੍ਰਾਮ ਸੈਲੀਸਿਲਕ ਐਸਿਡ ਨੂੰ 375 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 125 ਲੀਟਰ ਪਾਣੀ ਵਿਚ ਮਿਲਾ ਕੇ ਛਿੜਕਾਅ ਕਰੋ ।



**ਤੁਪਕਾ ਸਿੰਚਾਈ ਅਤੇ ਫਰਟੀਗੇਸ਼ਨ** : ਨਰਮੇ ਵਿਚ ਤੁਪਕਾ ਸਿੰਚਾਈ ਅਤੇ ਫਰਟੀਗੇਸ਼ਨ ਜ਼ਮੀਨ ਦੀ ਸਤ੍ਹਾ ਅਤੇ ਜ਼ਮੀਨ ਦੇ ਅੰਦਰ ਡਰਿੱਪਰ ਪਾਈਪਾਂ ਨਾਲ ਕੀਤੀ ਜਾ ਸਕਦੀ ਹੈ । ਸਤ੍ਹਾ ਤੁਪਕਾ ਸਿੰਚਾਈ ਵਿਚ ਡਰਿੱਪਰ ਪਾਈਪਾਂ ਜ਼ਮੀਨ ਦੇ ਉੱਪਰ 67.5 ਸੈਂ: ਮੀ. ਦੀ ਵਿੱਥ ਤੇ ਨਰਮੇ ਦੀਆਂ ਕਤਾਰਾਂ ਦੇ ਨਾਲ ਵਿਛਾਈਆਂ ਹੁੰਦੀਆਂ ਹਨ, ਜਿਨ੍ਹਾਂ ਵਿਚ ਡਰਿੱਪਰ ਤੋਂ ਡਰਿੱਪਰ ਦਾ ਫਾਸਲਾ 75 ਸੈਂਟੀਮੀਟਰ ਅਤੇ ਪਾਣੀ ਦੀ ਨਿਕਾਸ ਦਰ 2.2 ਲਿਟਰ ਪ੍ਰਤੀ ਘੰਟਾ ਹੁੰਦੀ ਹੈ । ਨਰਮੇ ਨੂੰ 7 ਦਿਨਾਂ ਦੇ ਵਕਫੇ ਤੇ ਸਤ੍ਹਾ ਉੱਪਰ ਰੱਖੀ ਡਰਿੱਪਰ ਪਾਈਪਾਂ ਨਾਲ ਮਈ/ਜੂਨ, ਜੁਲਾਈ, ਅਗਸਤ ਅਤੇ ਸਤੰਬਰ ਮਹੀਨਿਆਂ ਦੌਰਾਨ ਕ੍ਰਮਵਾਰ 50,45,40 ਅਤੇ 35 ਮਿੰਟਾਂ ਲਈ ਪਾਣੀ ਦਿਓ । ਧਰਤੀ ਹੇਠ ਤੁਪਕਾ ਸਿੰਚਾਈ ਵਿਚ ਡਰਿੱਪਰ ਪਾਈਪਾਂ 67.5 ਸੈਂ: ਮੀ. ਦੀ ਵਿੱਥ ਤੇ ਜ਼ਮੀਨ ਵਿਚ 20 ਸੈਂਟੀਮੀਟਰ ਡੂੰਘੀਆਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚ ਡਰਿੱਪਰ ਤੋਂ ਡਰਿੱਪਰ ਦਾ ਫਾਸਲਾ 20 ਸੈਂਟੀਮੀਟਰ ਅਤੇ ਪਾਣੀ ਦੀ ਨਿਕਾਸ ਦਰ 2.2 ਲਿਟਰ/ਘੰਟਾ ਹੁੰਦੀ ਹੈ । ਨਰਮੇ ਨੂੰ 5 ਦਿਨਾਂ ਦੇ ਵਕਫੇ ਇਨ੍ਹਾਂ ਡਰਿੱਪਰ ਪਾਈਪਾਂ ਨਾਲ ਮਈ/ਜੂਨ, ਜੁਲਾਈ, ਅਗਸਤ ਅਤੇ ਸਤੰਬਰ ਮਹੀਨਿਆਂ ਦੌਰਾਨ ਕ੍ਰਮਵਾਰ 50,45,40 ਅਤੇ 35 ਮਿੰਟਾਂ ਲਈ ਪਾਣੀ ਦਿਓ । ਫਰਟੀਗੇਸ਼ਨ ਲਈ 100 ਕਿਲੋ ਯੂਰੀਆ/ਏਕੜ ਨੂੰ 10 ਬਰਾਬਰ ਕਿਸ਼ਤਾਂ ਵਿੱਚ ਜ਼ਮੀਨ ਦੇ ਉੱਪਰ ਅਤੇ ਜ਼ਮੀਨ ਦੇ ਅੰਦਰ ਡਰਿੱਪਰ ਨਾਲ ਕ੍ਰਮਵਾਰ 7 ਅਤੇ 5 ਦਿਨਾਂ ਦੇ ਵਕਫੇ ਤੇ ਬਿਜਾਈ ਤੋਂ 30-35 ਦਿਨਾਂ ਬਾਅਦ ਤੋਂ ਸ਼ੁਰੂ ਕਰਕੇ ਪਾਇਆ ਜਾ ਸਕਦਾ ਹੈ ।

**ਪੱਤੇ ਝਾੜਨਾ** : ਟੀਂਡੇ ਅਗੇਤੇ ਅਤੇ ਇਕਸਾਰ ਖਿੜਾਉਣ ਲਈ, ਅਕਤੂਬਰ ਦੇ ਆਖਰੀ ਹਫਤੇ ਵਿੱਚ 500 ਮਿਲੀਲੀਟਰ ਈਥਰਲ 39 ਪ੍ਰਤੀਸ਼ਤ (ਇਥੀਫੋਨ) ਪ੍ਰਤੀ ਏਕੜ ਨੂੰ 100 ਲੀਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ । ਸਪਰੇਅ ਤੋਂ 7-10 ਦਿਨਾਂ ਮਗਰੋਂ ਬਹੁਤੇ ਪੱਤੇ ਝੜ ਜਾਂਦੇ ਹਨ ਜਿਸ ਨਾਲ ਨਰਮੇ ਦੀ ਗੁਣਵੱਤਾ ਅਤੇ ਉਤਪਾਦਨ ਵਿਚ ਵਾਧਾ ਹੁੰਦਾ ਹੈ ।

# ਖੇਤੀ ਤੇ ਕਿਸਾਨੀ ਸੰਕਟ ਦੀ ਅਜੋਕੀ ਸਥਿਤੀ

ਜਗਰੂਪ ਸਿੰਘ ਸੇਖੋਂ
ਮੋ. 94170-75563

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਇਕ ਵਾਰ ਫਿਰ ਅੰਦੋਲਨ ਦੇ ਰਾਹ ਤੇ ਹਨ ਤੇ ਇਸ ਵਾਰ ਇਨ੍ਹਾਂ ਦੇ ਨਿਸ਼ਾਨੇ ਤੇ ਪੰਜਾਬ ਸਰਕਾਰ ਹੈ। ਪੰਜਾਬ ਵਿਚ ਕਿਸਾਨੀ ਅੰਦੋਲਨਾਂ ਦਾ ਇਕ ਸੁਨਹਿਰਾ ਇਤਿਹਾਸ ਰਿਹਾ ਹੈ, ਜਿਸ ਨੇ ਸਮੇਂ ਦੀਆਂ ਸਰਕਾਰਾਂ ਤੇ ਹਾਕਮਾਂ ਦੇ ਜਬਰ ਤੇ ਜ਼ੁਲਮਾਂ ਦੀ ਬੜੀ ਧੀਰਜ, ਦਲੇਰੀ ਤੇ ਹਿੰਮਤ ਨਾਲ ਸਾਹਮਣਾ ਕਰਦੇ ਹੋਏ ਆਪਣੇ ਹੱਕਾਂ ਤੇ ਲੋਕ ਹਿੱਤਾਂ 'ਤੇ ਪਹਿਰਾ ਦਿੱਤਾ ਹੈ। ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਦੇ ਵੱਡੇ ਕਿਸਾਨੀ ਅੰਦੋਲਨਾਂ ਨੇ ਇਸ ਖਿੱਤੇ ਵਿਚ ਰਹਿਣ ਵਾਲੇ ਲੋਕਾਂ ਦੀ ਵੱਖਰੀ ਪਹਿਚਾਣ ਬਣਾਈ ਹੈ। ਪਿਛਲੇ ਸਮੇਂ ਵਿਚ ਕੇਂਦਰ ਸਰਕਾਰ ਵੱਲੋਂ ਧੱਕੇ ਨਾਲ ਪਾਸ ਕੀਤੇ ਤਿੰਨ ਖੇਤੀ ਕਾਨੂੰਨ ਤੇ ਬਾਅਦ ਵਿਚ ਲੰਮੇਂ ਸਮੇਂ ਤੱਕ ਚੱਲੇ ਕਿਸਾਨੀ ਸੰਘਰਸ਼ ਦੇ ਦਬਾਅ ਥੱਲੇ ਵਾਪਸ ਕਰਵਾਉਣ ਨਾਲ ਕਿਸਾਨੀ ਅੰਦੋਲਨ ਦੇਸ਼ ਤੇ ਦੁਨੀਆਂ ਵਿਚ ਇਕ ਵੱਡੀ ਮਿਸਾਲ ਵਜੋਂ ਉੱਭਰ ਕੇ ਸਾਹਮਣੇ ਆਇਆ। ਇਸ ਅੰਦੋਲਨ ਦੀ ਵੱਡੀ ਸਫਲਤਾ ਇਹ ਵੀ ਹੈ ਕਿ ਸਿਰਜਿਆ



ਗਿਆ ਤੇ ਆਉਂਦੇ ਸਮੇਂ ਵਿਚ ਵੱਖ-ਵੱਖ ਖੇਤਰਾਂ ਵਿਚ ਨਵੀਂ ਖੋਜ ਦੇ ਮੌਕੇ ਪੈਦਾ ਹੋਏ।

ਇਸ ਦੇ ਨਾਲ ਹੀ ਕੇਂਦਰ ਸਰਕਾਰ ਵੱਲੋਂ ਤਿੰਨ ਕਾਨੂੰਨ ਵਾਪਸ ਲੈਣ ਦੇ ਨਾਲ ਹੀ ਹਰ ਰੋਜ਼ ਨਵੇਂ-ਨਵੇਂ ਤਰੀਕੇ ਲੱਭ ਕੇ ਖੇਤੀ ਸੁਧਾਰਾਂ ਦੇ ਨਾਂਅ ਥੱਲੇ ਨਵੀਆਂ ਸਕੀਮਾਂ ਘੜੀਆਂ ਜਾ ਰਹੀਆਂ ਹਨ ਤਾਂ ਕਿ ਦੇਸ਼ ਦੀ ਖੇਤੀ ਵਿਚ ਕਾਰਪੋਰੇਟ ਮਾਡਲ ਲਾਗੂ ਕੀਤਾ ਜਾਵੇ। ਭਾਵੇਂ ਪੰਜਾਬ ਨੇ ਇਸ ਨਵੀਂ ਨੀਤੀ ਨੂੰ ਵਿਧਾਨ ਸਭਾ ਵਿਚੋਂ ਰੱਦ ਕਰ ਦਿੱਤਾ ਹੈ ਪ੍ਰੰਤੂ ਕਿਸਾਨਾਂ ਦੀਆਂ ਲੰਮੇਂ ਸਮੇਂ ਤੋਂ ਪਈਆਂ ਮੰਗਾਂ ਜਿਵੇਂ ਖੇਤੀ ਦਾ ਲਾਹੇਵੰਦਾ ਮੁੱਲ ਅਤੇ ਕਿਸਾਨਾਂ ਦੀ ਆਰਥਿਕ ਤੇ ਸਮਾਜਿਕ ਹਾਲਾਤ ਵਿਚ ਤਬਦੀਲੀ ਅਜੇ ਵੀ ਉਸੇ ਤਰ੍ਹਾਂ ਬਰਕਰਾਰ ਹਨ। ਦਿੱਲੀ ਵਿਚ ਲੰਮੇ ਸਮੇਂ ਤੱਕ ਕਿਸਾਨ ਅੰਦੋਲਨ ਦੀ ਸਫਲਤਾ ਤੋਂ ਬਾਅਦ ਕਿਸਾਨ ਜਥੇਬੰਦੀਆਂ ਵਿਚ ਟੁੱਟ ਭੱਜ ਤੇ ਆਪਸੀ ਮੱਤਭੇਦਾਂ ਨੇ ਕਿਸਾਨ ਅੰਦੋਲਨਾਂ ਦੀ ਰੂਪ ਰੇਖਾ ਨੂੰ ਪ੍ਰਭਾਵਿਤ ਕੀਤਾ ਹੈ। ਇਸਦੇ ਨਾਲ ਹੀ ਕਈ ਨਵੀਆਂ ਪੁਰਾਣੀਆਂ ਕਿਸਾਨ ਜਥੇਬੰਦੀਆਂ, ਜਿਹੜੀਆਂ ਆਪਣੇ ਆਪ ਨੂੰ ਗੈਰ-ਰਾਜਨੀਤਕ ਕਹਿੰਦੀਆਂ ਹਨ, ਨੇ ਕਈ ਭਰਮ-ਭਲੇਖੇ ਪੈਦਾ ਕੀਤੇ ਹਨ, ਜੋ ਇਕ ਪਾਸੇ ਕਿਸਾਨਾਂ ਦੀ ਏਕਤਾ ਤੇ ਦੂਸਰੇ ਪਾਸੇ ਕਿਸਾਨ ਵਿਰੋਧੀ ਕੇਂਦਰੀ ਤੇ ਰਾਜ ਸਰਕਾਰਾਂ ਲਈ ਕੁੱਝ ਹੱਦ ਤੱਕ ਸੁਖਾਲਾ ਮਾਹੌਲ ਸਿਰਜਣ ਦਾ ਕੰਮ ਵੀ ਕਰ ਰਹੀਆਂ ਹਨ। ਇਸੇ ਕਰਕੇ ਹੀ ਸਰਕਾਰੀ ਤੰਤਰ ਦੁਆਰਾ ਸਾਂਝੇ ਕਿਸਾਨ ਅੰਦੋਲਨ ਨੂੰ ਲੀਹੋਂ ਲਾਹੁਣ ਦੇ ਸਾਰੇ ਮਨਸੂਬੇ ਘਘੇ ਜਾ ਰਹੇ ਹਨ ਤੇ ਲੋਕਾਂ ਵਿਚ ਭਰਮ ਪੈਦਾ ਕੀਤਾ ਜਾ ਰਿਹਾ ਹੈ।

ਭਾਰਤ ਵਿਚ ਆਮ ਤੌਰ 'ਤੇ ਅਤੇ ਪੰਜਾਬ ਵਿਚ ਖਾਸ ਤੌਰ 'ਤੇ ਜਨਸੰਖਿਆ ਦੇ ਅੱਧੇ ਤੋਂ ਜ਼ਿਆਦਾ ਹਿੱਸੇ ਦੇ ਰੋਜ਼ਗਾਰ ਦਾ ਮੁੱਖ ਸਾਧਨ ਅਜੇ ਵੀ ਖੇਤੀਬਾੜੀ ਹੈ। ਭਾਵੇਂ ਕਿ ਪਿਛਲੇ ਸਮੇਂ ਤੋਂ ਖੇਤੀਬਾੜੀ ਆਮਦਨ ਘਟੀ ਹੈ ਪਰ ਖੇਤੀਬਾੜੀ 'ਤੇ ਨਿਰਭਰ ਜਨਸੰਖਿਆ ਵਿਚ ਇਸ ਦੇ ਅਨੁਪਾਤ ਅਨੁਸਾਰ ਗਿਰਾਵਟ ਨਹੀਂ ਆਈ। ਖਾਸ ਤੌਰ 'ਤੇ 1990 ਦੇ ਦਹਾਕੇ ਵਿਚ ਦੇਸ਼ ਵਿਚ ਉਦਾਰਵਾਦੀ ਪ੍ਰਕ੍ਰਿਆ ਨੂੰ ਅਪਨਾਉਣ ਦੇ ਬਾਅਦ ਖੇਤੀਬਾੜੀ ਅਤੇ ਗੈਰ-ਖੇਤੀਬਾੜੀ ਖੇਤਰ ਦੀ ਘਰੇਲੂ ਪੈਦਾਵਾਰ ਦੀ ਵਾਧਾ ਦਰ 'ਚ ਅੰਤਰ ਵਧਿਆ ਹੈ। ਉਸ ਸਮੇਂ ਸਭ ਤੋਂ ਮਹੱਤਵਪੂਰਨ ਅਤੇ ਧਿਆਨ ਵਿਚ ਰੱਖਣ ਵਾਲੀ ਗੱਲ ਇਹ ਸੀ ਕਿ ਖੇਤੀਬਾੜੀ ਵਾਧਾ ਦਰ ਘੱਟੀ ਸੀ ਜਦੋਂ ਕਿ ਗੈਰ-ਖੇਤੀਬਾੜੀ ਵਿਕਾਸ ਦੀ ਗਤੀ ਵਿਚ ਵਾਧਾ ਹੋਇਆ ਸੀ। ਮਿਸਾਲ ਦੇ ਤੌਰ ਤੇ 1999-2000 ਤੋਂ 2004-2005 ਦੇ ਸਮੇਂ ਵਿਚ ਖੇਤੀਬਾੜੀ ਦੇ ਖੇਤਰ ਵਿੱਚ ਕੁੱਲ ਘਰੇਲੂ ਪੈਦਾਵਾਰ ਦੀ ਵਿਕਾਸ ਦਰ 1.7 ਫੀਸਦੀ ਸੀ ਜਦੋਂ ਕਿ ਗੈਰ-ਖੇਤੀਬਾੜੀ ਖੇਤਰ ਦੀ ਕੁੱਲ ਘਰੇਲੂ ਪੈਦਾਵਾਰ ਵਿਕਾਸ ਦਰ 7 ਫੀਸਦੀ ਤੱਕ ਵਧੀ ਸੀ (ਚੰਦਰਸ਼ੇਖਰ : 2015-16)

ਇਥੇ ਇਹ ਦੱਸਣਾ ਵਾਜਬ ਹੈ ਕਿ ਭਾਰਤ ਵਿਚ ਕੁੱਲ ਆਬਾਦੀ ਦਾ ਲਗਭਗ ਦੋ ਤਿਹਾਈ ਹਿੱਸਾ ਦਿਹਾਤੀ ਖੇਤਰਾਂ ਵਿਚ ਰਹਿੰਦਾ ਹੈ ਅਤੇ ਆਪਣੀ ਰੋਜ਼ੀ ਰੋਟੀ ਲਈ ਜ਼ਮੀਨ 'ਤੇ ਨਿਰਭਰ ਹੈ ਪਰ ਉਨ੍ਹਾਂ ਦਾ ਰਾਸ਼ਟਰੀ ਆਮਦਨ ਵਿਚ ਹਿੱਸਾ ਬਹੁਤ ਹੀ ਘੱਟ ਰਹਿ ਗਿਆ ਹੈ। ਮਿਸਾਲ ਦੇ ਤੌਰ ਤੇ 2009-10 ਵਿਚ ਕੁੱਲ ਘਰੇਲੂ ਪੈਦਾਵਾਰ ਵਿਚ ਉਨ੍ਹਾਂ ਦਾ ਹਿੱਸਾ 14.6 ਫੀਸਦੀ ਸੀ ਜਦੋਂ ਕਿ 2008-09 ਵਿਚ ਇਹ 15.7 ਫੀਸਦੀ ਅਤੇ 2004-05 ਵਿਚ 19.0 ਫੀਸਦੀ ਸੀ। ਇਹ ਤੱਥ ਦੱਸਦੇ ਹਨ ਕਿ ਪਿਛਲੇ ਸਮੇ ਤੋਂ ਖੇਤੀਬਾੜੀ ਦਾ ਹਿੱਸਾ ਕੁੱਲ ਘਰੇਲੂ ਪੈਦਾਵਾਰ ਵਿਚ ਜ਼ਿਆਦਾ ਤੇਜ਼ੀ ਨਾਲ ਘੱਟ ਰਿਹਾ ਹੈ। ਇਹ ਇਸ ਤੱਥ ਤੋਂ ਹੋਰ ਸਪੱਸ਼ਟ ਹੁੰਦਾ ਹੈ ਕਿ 2004-05 ਤੋਂ 2010-11 ਦੇ ਸਮੇਂ ਦੌਰਾਨ ਸਮੁੱਚੇ ਤੌਰ 'ਤੇ ਕੁੱਲ ਘਰੇਲੂ ਪੈਦਾਵਾਰ ਦਾ ਵਿਕਾਸ ਔਸਤਨ 8.62 ਫੀਸਦੀ ਸੀ ਜਦੋਂ ਕਿ ਖੇਤੀਬਾੜੀ ਖੇਤਰ ਦੀ ਕੁੱਲ ਘਰੇਲੂ ਪੈਦਾਵਾਰ ਦਾ ਵਿਕਾਸ ਸਿਰਫ 3.46 ਫੀਸਦੀ ਸੀ (ਭਾਰਤ ਸਰਕਾਰ 2011:187) 2012-13 ਤੇ 2013-14 ਵਿਚ Gross value added ਮੁੱਲ ਦਰਾਂ ਦੇ ਵਿਕਾਸ ਨਿਰਮਾਣਕਾਰੀ ਵਿਚ ਕ੍ਰਮਵਾਰ 6.23 ਪ੍ਰਤੀਸ਼ਤ ਤੇ 5.32 ਫੀਸਦੀ ਸੀ ਅਤੇ ਸੇਵਾਵਾਂ ਵਿਚ ਕ੍ਰਮਵਾਰ 1.19 ਫੀਸਦੀ ਤੇ 3.66 ਫੀਸਦੀ ਸਨ।

**ਮੌਜੂਦਾ ਕਿਰਸਾਨੀ ਦਾ ਸੰਕਟ ਇਹ ਦੱਸਦਾ ਹੈ ਕਿ ਅੱਜ ਦੇ ਸਮੇਂ ਵਿਚ ਖੇਤੀਬਾੜੀ ਨੂੰ ਵੱਡੇ ਪੱਧਰ 'ਤੇ ਘੋਖਣ ਦੀ ਲੋੜ ਹੈ, ਜਿੱਥੇ ਨਾ ਸਿਰਫ ਪੈਦਾਵਾਰ ਬਲਕਿ ਉਤਪਾਦਕ ਵੀ ਇਕ ਸਮਾਨ ਮਹੱਤਵਪੂਰਨ ਹਨ। ਅਜੋਕੇ ਸਮੇਂ ਦੌਰਾਨ ਇਹ ਦੋਵੇਂ ਸੰਕਟ ਵਿਚ ਹਨ। ਭਾਰਤੀ ਖੇਤੀਬਾੜੀ ਦੇ ਮੌਜੂਦਾ ਸੰਕਟ ਦੇ ਦੋ ਪਹਿਲੂ ਇਹ ਹਨ : 'ਕਿਸਾਨੀ ਸੰਕਟ' ਅਤੇ 'ਖੇਤੀਬਾੜੀ ਸੰਕਟ'। ਖੇਤੀਬਾੜੀ ਸੰਕਟ ਇਕ ਵਿਕਾਸ ਦਾ ਸੰਕਟ ਹੈ, ਜੋ ਕਿ ਇਸ ਖੇਤਰ ਨੂੰ ਨਜ਼ਰ ਅੰਦਾਜ਼ ਕਰਨ ਕਰਕੇ ਪੈਦਾ ਹੋਇਆ ਹੈ, ਜਿਸ ਦਾ ਮੁੱਖ ਕਾਰਨ, ਸਾਧਨਾਂ ਦਾ ਸਹੀ ਬਟਵਾਰਾ ਨਾ ਹੋਣਾ ਅਤੇ ਘਟੀਆ ਯੋਜਨਾਵਾਂ ਦਾ ਉਲੀਕਣਾ। ਕਿਰਸਾਨੀ ਦਾ ਸੰਕਟ ਜੀਵਨ ਨਿਰਬਾਹ ਤੇ ਰੋਜ਼ੀ ਰੋਟੀ ਦਾ ਸੰਕਟ ਹੈ, ਕਿਉਂਕਿ ਖੇਤੀਬਾੜੀ ਤੇ ਜਨਸੰਖਿਆ ਦੀ ਇਕ ਵੱਡੀ ਗਿਣਤੀ ਨਿਰਭਰ ਹੈ।**

ਮੌਜੂਦਾ ਕਿਰਸਾਨੀ ਦਾ ਸੰਕਟ ਇਹ ਦੱਸਦਾ ਹੈ ਕਿ ਅੱਜ ਦੇ ਸਮੇਂ ਵਿਚ ਖੇਤੀਬਾੜੀ ਨੂੰ ਵੱਡੇ ਪੱਧਰ 'ਤੇ ਘੋਖਣ ਦੀ ਲੋੜ ਹੈ, ਜਿੱਥੇ ਨਾ ਸਿਰਫ ਪੈਦਾਵਾਰ ਬਲਕਿ ਉਤਪਾਦਕ ਵੀ ਇਕ ਸਮਾਨ ਮਹੱਤਵਪੂਰਨ ਹਨ। ਅਜੋਕੇ ਸਮੇਂ ਦੌਰਾਨ ਇਹ ਦੋਵੇਂ ਸੰਕਟ ਵਿਚ ਹਨ। ਭਾਰਤੀ ਖੇਤੀਬਾੜੀ ਦੇ ਮੌਜੂਦਾ ਸੰਕਟ ਦੇ ਦੋ ਪਹਿਲੂ ਇਹ ਹਨ : 'ਕਿਸਾਨੀ ਸੰਕਟ' ਅਤੇ 'ਖੇਤੀਬਾੜੀ ਸੰਕਟ'। ਖੇਤੀਬਾੜੀ ਸੰਕਟ ਇਕ ਵਿਕਾਸ ਦਾ ਸੰਕਟ ਹੈ, ਜੋ ਕਿ ਇਸ ਖੇਤਰ ਨੂੰ ਨਜ਼ਰ ਅੰਦਾਜ਼ ਕਰਨ ਕਰਕੇ ਪੈਦਾ ਹੋਇਆ ਹੈ, ਜਿਸ ਦਾ ਮੁੱਖ ਕਾਰਨ, ਸਾਧਨਾਂ ਦਾ ਸਹੀ ਬਟਵਾਰਾ ਨਾ ਹੋਣਾ ਅਤੇ ਘਟੀਆ ਯੋਜਨਾਵਾਂ ਦਾ ਉਲੀਕਣਾ। ਕਿਰਸਾਨੀ ਦਾ ਸੰਕਟ ਜੀਵਨ ਨਿਰਬਾਹ ਤੇ ਰੋਜ਼ੀ ਰੋਟੀ ਦਾ ਸੰਕਟ ਹੈ, ਕਿਉਂਕਿ ਖੇਤੀਬਾੜੀ ਤੇ ਜਨਸੰਖਿਆ ਦੀ ਇਕ ਵੱਡੀ ਗਿਣਤੀ ਨਿਰਭਰ ਹੈ। ਇਕ ਪਾਸੇ ਖੇਤੀ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ ਅਤੇ ਦੂਜੇ ਪਾਸੇ ਕਿਸਾਨ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਕਿਰਸਾਨੀ ਸੰਕਟ ਅਤੇ ਖੇਤੀਬਾੜੀ ਸੰਕਟ ਵੱਖਰੇ ਨਹੀਂ ਹਨ, ਸਗੋਂ ਇਕ ਦੂਜੇ ਨਾਲ ਸਬੰਧਿਤ ਹਨ, ਇਹ ਦੋਵੇਂ ਖੇਤੀਬਾੜੀ ਨਾਲ ਸੰਬੰਧਿਤ ਸਮੱਸਿਆਵਾਂ ਦੇ ਦੋ ਪਹਿਲੂ ਹਨ, ਜਿਹੜੀਆਂ ਕਾਸ਼ਤਕਾਰੀ ਵਰਗ ਨੂੰ ਪ੍ਰਭਾਵਿਤ ਕਰਦੀਆਂ ਹਨ। ਕਿਸਾਨੀ ਸੰਕਟ, ਛੋਟੇ ਅਤੇ ਮਾਮੂਲੀ ਕਿਸਾਨੀ ਦੇ ਵੱਡੇ ਹਿੱਸੇ ਨੂੰ ਖਤਰੇ ਵਿਚ ਪਾ ਰਿਹਾ ਹੈ। ਦੁੱਖ ਦੀ ਗੱਲ ਇਹ ਹੈ ਕਿ ਜੋ ਹੱਥ ਭੋਜਨ ਪੈਦਾ ਕਰਦੇ ਹਨ ਉਨ੍ਹਾਂ ਦੀਆਂ ਜ਼ਰੂਰੀ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ, ਜੋ ਕਈ ਤਰ੍ਹਾਂ ਦੇ ਸੰਕਟ ਪੈਦਾ ਕਰਦੀਆਂ ਹਨ। ਇਸੇ ਸੰਕਟ ਕਾਰਨ ਹੀ ਕਿਸਾਨਾਂ ਦੀਆਂ ਆਤਮ-ਹਤਿਆਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਸਥਿਤੀ ਬਦ-ਬਦਤਰ ਹੋ ਗਈ ਹੈ, ਕਿਉਂਕਿ ਆਜ਼ਾਦੀ ਦੇ 77 ਵਰ੍ਹਿਆਂ ਤੋਂ ਬਾਅਦ ਵੀ 'ਭਾਰਤੀ ਕਿਸਾਨ' ਆਮ ਤੌਰ 'ਤੇ ਅਤੇ 'ਪੰਜਾਬੀ ਕਿਸਾਨ' ਖਾਸ ਤੌਰ ਤੇ ਡੂੰਘੇ ਦੁੱਖ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਆਜ਼ਾਦੀ ਤੋਂ ਪਹਿਲਾ, ਜ਼ਿਮੀਦਾਰਾ ਪ੍ਰਬੰਧ ਸ਼ੋਸ਼ਣ ਦਾ ਵੱਡਾ ਸਰੋਤ ਸੀ ਅਤ ਆਜ਼ਾਦੀ ਤੋਂ ਬਾਅਦ, ਇਹ ਕੰਮ ਮੰਡੀ ਦੇ ਵਿਚੋਲਿਆਂ, ਠੇਕੇਦਾਰਾਂ ਅਤੇ ਵਪਾਰੀਆਂ ਵੱਲੋਂ ਕੀਤਾ ਜਾ ਰਿਹਾ ਹੈ। 1991 ਵਿਚ ਉਦਾਰੀਕਰਨ ਅਤੇ ਵਿਸ਼ਵੀਕਰਨ ਦੇ ਆਉਣ ਨਾਲ ਨਵੀਆਂ ਸ਼ਕਤੀਆਂ, ਬਹੁਰਾਸ਼ਟਰੀ ਸੰਗਠਨ ਅਤੇ ਕਾਰਪੋਰੇਟ ਖੇਤਰ ਕਿਸਾਨੀ ਦੀ ਲੁੱਟ-ਖਸੁੱਟ ਕਰ ਕੇ ਲਾਹਾ ਲੈਣ ਲਈ ਆਪਣੀਆਂ ਬਾਹਾਂ ਫੈਲਾ ਰਹੇ ਹਨ ਅਤੇ ਲਾਭ ਵੀ ਲੈ ਰਹੇ ਹਨ। ਮੌਜੂਦਾ ਸਮੇਂ ਵਿਚ ਜਿੱਥੇ ਇਕ ਪਾਸੇ ਅਸਲ ਆਮਦਨ ਵਿਚ ਸਥਿਰਤਾ ਆਈ ਹੈ, ਉੱਥੇ ਦੂਜੇ ਪਾਸੇ ਬੇਰੋਕ ਵਧਦੀਆਂ ਨਿਵੇਸ਼ ਕੀਮਤਾਂ ਦੇ ਕਾਰਨ ਖੇਤੀਬਾੜੀ ਖਾਸ ਤੌਰ 'ਤੇ ਛੋਟੇ ਅਤੇ ਮਾਮੂਲੀ ਕਿਸਾਨਾਂ ਲਈ ਘਾਟੇ ਦਾ ਕਿੱਤਾ ਬਣ ਗਈ ਹੈ। ਅਜੋਕੀ ਕਿਸਾਨੀ ਮੰਡੀ ਦੇ ਦਬਾਅ ਅਤੇ ਅਰਥ ਵਿਵਸਥਾ ਵਿਚ ਤੇਜ਼ੀ ਦੇ ਨਾਲ ਆਏ ਬਦਲਾਅ ਕਾਰਨ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ, ਕਿਉਂਕਿ ਉਹ ਪੂਰੀ ਤਰ੍ਹਾਂ ਨਾਲ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੈ। ਹਲਾਤ ਹਰ ਰੋਜ਼/ਲਗਾਤਾਰ ਖਰਾਬ ਹੁੰਦੇ ਜਾ ਰਹੇ ਅਤੇ ਕਿਸਾਨ ਸਾਰਿਆਂ ਪਾਸਿਆਂ ਦੇ ਦਬਾਅ ਵਿੱਚੋਂ ਨਿਕਲਣ ਤੋਂ ਅਸੱਮਰਥ ਹਨ। ਇਸੇ ਲਈ ਕਿਸਾਨਾਂ ਵਿਚ ਆਤਮ-ਹਤਿਆਵਾਂ ਵਧ ਰਹੀਆਂ ਹਨ ? ਭਾਰਤੀ ਖੇਤੀਬਾੜੀ ਵਿਚ 1990 ਦੇ ਮੱਧ ਤੋਂ ਆਏ ਅਸ਼ਾਂਤ ਪਹਿਲੂਆਂ ਵਿਚ ਸ਼ਾਮਿਲ ਹਨ : ਖੇਤੀਬਾੜੀ ਦਾ ਮੁਨਾਫਾ ਘਟਣਾ, ਖਤਰਿਆਂ ਜਾਂ ਸੰਕਟਾਂ ਦਾ ਵਧਣਾ, ਕੁਦਰਤੀ ਸਾਧਨਾਂ ਦੀ ਗਿਰਾਵਟ ਆਦਿ। ਪਿਛਲੇ ਦੋ ਦਹਾਕਿਆਂ ਦੌਰਾਨ ਸੰਭਾਵਿਤ ਵਿਕਾਸ ਅਤੇ ਕਿਸਾਨਾਂ ਦੇ ਵਿਕਾਸ ਦੀ ਬਜਾਇ ਉਦਾਰੀਕਰਨ ਦੀਆਂ ਨੀਤੀਆਂ ਪ੍ਰਤੱਖ ਰੂਪ ਵਿਚ ਖੇਤੀਬਾੜੀ ਨੂੰ ਗਿਰਾਵਟ ਵੱਲ ਲੈ ਗਈਆਂ ਹਨ।

ਸ਼ੁਰੂ ਵਿਚ ਆਰਥਿਕ ਸੁਧਾਰਾਂ ਤੋਂ ਖੇਤੀਬਾੜੀ ਨੂੰ ਉਤਸ਼ਾਹ ਮਿਲਣ ਦੀ ਉਮੀਦ ਕੀਤੀ ਗਈ ਪਰ ਅਸਲ ਵਿਚ ਇਸਦਾ ਖੇਤੀਬਾੜੀ 'ਤੇ ਬੁਰਾ ਅਸਰ ਪਿਆ ਹੈ। ਭੱਲਾ ਅਤੇ ਸਿੰਘ (2009) ਦੱਸਦੇ ਹਨ ਕਿ ਆਰਥਿਕ ਸੁਧਾਰ ਦੌਰ ਤੇ ਬਾਅਦ (1993-2000) ਸਾਲਾਨਾ ਮਿਸ਼ਰਤ ਵਿਕਾਸ ਦਰ ਦਾ ਉਤਪਾਦਨ ਮੁੱਲ 1.73 ਫੀਸਦੀ ਸੀ, ਜਦੋਂਕਿ ਸੁਧਾਰਾਂ ਦੇ ਦੌਰ ਤੋਂ ਪਹਿਲਾਂ (1983-93) ਇਹ 3.37 ਫੀਸਦੀ ਸੀ। ਸੁਧਾਰਾਂ ਦੇ ਦੌਰ ਤੋਂ ਬਾਅਦ ਪੈਦਾਵਾਰ ਦੀ ਵਿਕਾਸ ਦਰ ਵੀ ਪਹਿਲਾਂ ਨਾਲੋਂ ਘੱਟ ਸੀ। ਲਗਾਤਾਰ ਭਾਰਤੀ ਖੇਤੀਬਾੜੀ ਦੀ ਮਾੜੀ ਕਾਰਗੁਜ਼ਾਰੀ ਚਿੰਤਾ ਦਾ ਵਿਸ਼ਾ ਹੈ। 2007-08 ਵਿਚ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦਾ 4.7 ਫੀਸਦੀ ਵਿਕਾਸ ਹੋਇਆ। ਅੱਗੇ ਚੱਲ ਕੇ 2008-2009 ਵਿਚ ਇਸ ਖੇਤਰ ਦਾ ਵਿਕਾਸ ਸਿਰਫ 1.6 ਫੀਸਦੀ ਅਤੇ 2009-10 ਅਤੇ 0.2 ਫੀਸਦੀ ਹੀ ਰਹਿ ਗਿਆ।

ਹੁਣ ਜ਼ਮੀਨ ਖਿੱਚ (ਲੁਭਾਵਣੀ), ਨਿਵੇਸ਼ ਜਾਂ ਸਮਾਜਿਕ ਰੁਤਬੇ ਨੂੰ ਦਰਸਾਉਣ ਦੀ ਚੀਜ਼ ਨਹੀਂ ਰਹੀ। ਕਾਸ਼ਤਕਾਰੀ ਵਰਗ ਦੇ ਲੋਕ ਜੋ ਕਿ ਕਈ ਸਦੀਆਂ ਤੋਂ ਭੂਮੀ ਨਾਲ ਜੁੜੇ ਹੋਏ ਹਨ, ਨੇ ਖੇਤੀਬਾੜੀ ਵਿਚ ਉਦਾਸੀਨਤਾ ਵਿਖਾਉਣੀ ਸ਼ੁਰੂ ਕਰ ਦਿੱਤੀ ਹੈ। ਪੰਜਾਬ, ਜੋ ਕਿਸੇ ਸਮੇਂ ਦੇਸ਼ ਦੇ ਅਰਥਵਿਵਸਥਾ ਵਿਚ ਅੱਗੇ ਸੀ, 1990 ਤੋਂ ਲਗਾਤਾਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਕੌੜਾ ਸੱਚ ਹੈ ਕਿ ਮੌਜੂਦਾ ਪੰਜਾਬ ਵਿਕਾਸ ਦੀ ਗਤੀ ਦੀ ਰਫਤਾਰ ਨੂੰ ਕਾਇਮ ਰੱਖਣ ਦੀ ਸਥਿਤੀ ਵਿਚ ਨਹੀਂ ਹੈ। ਪੰਜਾਬ ਦੀ ਅਰਥ ਵਿਵਸਥਾ ਵਿਚ ਰੁਝਾਨ 1984-85 ਵਿਚ ਸ਼ੁਰੂ ਹੋਇਆ, ਜਦੋਂ ਇਹ ਇਕ 'Revenue Surplus State' ਤੋਂ 'Revenue Deficit State' ਬਣ ਗਿਆ। ਹੁਣ ਇਹ ਨਾ ਸਿਰਫ ਕਈ ਦੂਜੇ ਰਾਜਾਂ ਤੋਂ ਪਿੱਛੇ ਹੈ ਬਲਕਿ ਇਸਦੀ ਅਰਥ ਵਿਵਸਥਾ ਇਸ ਮੁਕਾਬਲੇ ਵਾਲੀ ਅਤੇ ਵਿਸ਼ਵਵਿਆਪੀ ਦੁਨੀਆਂ ਵਿਚ ਉਪਜੀਵਕਾ ਲਈ ਜਦੋਜਹਿਦ ਕਰ ਰਹੀ ਹੈ।

ਆਮ ਤੌਰ 'ਤੇ ਇਹ ਆਸ ਕੀਤੀ ਜਾਂਦੀ ਹੈ ਕਿ ਕਿਸਾਨਾਂ ਦੀ ਹਾਲਾਤ ਉੱਥੇ ਬਿਹਤਰ ਹੋਵੇਗੀ ਜਿੱਥੇ ਖੇਤੀਬਾੜੀ ਵਿਕਸਤ ਹੈ, ਜਿੱਥੇ ਕਿਸਾਨ ਸੰਘਰਸ਼ਾਂ ਅਤੇ ਅੰਦੋਲਨਾਂ ਰਾਹੀਂ ਆਪਣੇ ਹਿੱਤਾਂ ਵਿਚ ਨੀਤੀਆਂ ਬਣਵਾਉਣ ਲਈ ਸਰਕਾਰ 'ਤੇ ਦਬਾਅ ਪਾਉਂਦੇ ਹਨ ਅਤੇ ਜਿੱਥੇ ਰਾਜਨੀਤਿਕ ਲੀਡਰ ਕਿਸਾਨੀ ਨਾਲ ਸਬੰਧਤ ਫਿਰਕਿਆਂ ਵਿਚੋਂ ਆਉਂਦੇ ਹਨ ਪਰ ਪੰਜਾਬ ਵਿਚ ਕੁਝ ਵਿਰੋਧਭਾਸੀ ਸਥਿਤੀਆਂ ਹਨ। ਵੱਡੀ ਗਿਣਤੀ ਵਿਚ ਕਿਸਾਨਾਂ ਦੁਆਰਾ ਆਤਮ ਹੱਤਿਆਵਾਂ ਦੀ ਖਬਰ ਪੰਜਾਬ ਰਾਜ ਤੋਂ ਮਿਲਦੀ ਹੈ ਜੋ ਕਿ (ੳ) ਖੇਤੀਬਾੜੀ ਦੇ ਤੌਰ 'ਤੇ ਵਿਕਸਿਤ ਹੈ, (ਬ) ਜਿੱਥੇ ਕਿ ਤਾਕਤਵਰ ਕਿਸਾਨੀ ਅੰਦੋਲਨ ਬਸਤੀਵਾਦੀ ਸਮੇਂ ਵਿਚ ਜਾਂ ਅਜ਼ਾਦੀ ਤੋਂ ਬਾਅਦ ਦੇ ਸਮੇਂ ਵਿਚ ਜਾਂ ਦੋਵੇਂ ਸਮਿਆਂ ਵਿਚ ਪਾਏ ਜਾਂਦੇ ਹਨ ਅਤੇ (ਚ) ਜਿੱਥੇ ਰਾਜਨੀਤਿਕ ਪਾਰਟੀਆਂ ਦੀ ਲੀਡਰਸ਼ਿਪ ਖਾਸ ਤੌਰ ਤੇ ਕਿਸਾਨੀ ਫਿਰਕਿਆਂ ਤੋਂ ਆਉਂਦੀ ਹੈ। ਜਿੱਥੇ ਖਾਸ ਤੌਰ ਤੇ, ਰਾਜਨੀਤਿਕ ਪ੍ਰਤੀਨਿਧੀਆਂ ਦਾ ਇਕ ਵੱਡਾ ਹਿੱਸਾ ਕਿਸਾਨੀ ਪਿਛੋਕੜਾਂ ਤੋਂ ਹੋਣ ਦਾ ਦਾਅਵਾ ਕਰਦਾ ਹੈ, ਪਰ ਕਿਸਾਨਾਂ ਦੇ ਹਿੱਤ ਇਨ੍ਹਾਂ ਦੀਆਂ ਕਲਪਨਾਵਾਂ ਵਿਚ ਮੁਸ਼ਕਿਲ ਨਾਲ ਹੀ ਵੇਖਣ ਨੂੰ ਮਿਲਦੇ ਹਨ ? ਕਿਸਾਨ ਇਸ ਆਸ ਨਾਲ ਬੈਂਕਾਂ, ਆੜ੍ਹਤੀਆਂ ਆਦਿ ਤੋਂ ਉਧਾਰ ਲੈ ਕੇ ਫਸਲਾਂ ਦੀ ਕਾਸ਼ਤ 'ਚ ਪੈਸਾ ਲਗਾਉਂਦੇ ਹਨ ਕਿ ਚੰਗੀ ਫਸਲ ਤੇ ਚੰਗੇ ਮੁੱਲ ਉਨ੍ਹਾਂ ਨੂੰ ਅਗਲੇ ਸੀਜ਼ਨ 'ਚ ਮਿਲਣਗੇ ਪਰ ਇਕ ਚੰਗੀ ਫਸਲ ਹੀ ਉਨ੍ਹਾਂ ਦੀ ਪੈਦਾਵਾਰ ਦੇ ਆਰਥਿਕ ਭਵਿੱਖ ਨੂੰ ਸੰਵਾਰਨ ਲਈ ਕਾਫੀ ਨਹੀਂ ਹੈ। ਉਨ੍ਹਾਂ ਦੀ ਪੈਦਾਵਾਰ ਦਾ ਚੰਗਾ ਮੁੱਲ ਵੀ ਮਿਲਣਾ ਚਾਹੀਦਾ ਹੈ ਪਰ ਇਹ ਦੋਵੇਂ ਚੀਜ਼ਾਂ ਬਹੁਤ ਹੀ ਘੱਟ ਹੁੰਦੀਆਂ ਹਨ। ਕਾਸ਼ਤਕਾਰੀ ਇਕ ਜੂਆ ਬਣ ਗਈ ਹੈ, ਕਿਉਂਕਿ ਕਿਸਾਨਾਂ ਨੂੰ ਪੱਕਾ ਯਕੀਨ ਨਹੀਂ ਹੁੰਦਾ ਕਿ ਉਹ ਚੰਗੀ ਫਸਲ ਕੱਟਣਗੇ ਅਤੇ ਜੇ ਉਹ ਚੰਗੀ ਫਸਲ ਕੱਟਦੇ ਹਨ ਤਾਂ ਕੀ ਉਹ ਫਸਲ ਦੇ ਚੰਗੇ ਮੁੱਲ ਵੀ ਪ੍ਰਾਪਤ ਕਰਨਗੇ ? ਅਸਲ ਵਿਚ ਪੂੰਜੀਪਤੀ, ਸਰਮਾਏਦਾਰ, ਵਪਾਰੀ ਅਤੇ ਪੈਸਾ ਦੇਣ ਵਾਲੀਆਂ ਸੰਸਥਾਵਾਂ ਕਿਸਾਨਾਂ ਦੇ ਮਣਾਂਮੂੰਹੀ ਕਰਜ਼ਿਆਂ ਤੋਂ ਲਾਹਾ ਲੈਂਦੀਆਂ

ਬਾਕੀ ਸਫਾ 10 'ਤੇ

ਅਪ੍ਰੈਲ ਦੇ ਮਹੀਨੇ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਮਹੀਨੇ ਮੌਸਮ ਸੁਹਾਵਣਾ ਹੁੰਦਾ ਹੈ। ਰੁੱਖਾਂ ਉੱਤੇ ਆਏ ਨਵੇਂ ਫੁਟਾਰੇ ਅਤੇ ਫੁੱਲਾਂ ਦੀ ਮਹਿਕ ਇਸ ਵਿਚ ਹੋਰ ਵਾਧਾ ਕਰਦੀ ਹੈ। ਹਾੜ੍ਹੀ ਦੀਆਂ ਫਸਲਾਂ ਪੱਕ ਕੇ ਤਿਆਰ ਹੋ ਜਾਂਦੀਆਂ ਹਨ ਜਿਸ ਨੂੰ ਵੇਖ ਲੋਕਾਈ ਦੇ ਚਿਹਰਿਆਂ ਉੱਤੇ ਖੁਸ਼ੀ ਝਲਕਣ ਲੱਗਦੀ ਹੈ। ਇਸ ਮਹੀਨੇ ਵਿਸਾਖੀ ਦਾ ਪਵਿੱਤਰ ਤਿਉਹਾਰ ਆਉਂਦਾ ਹੈ। ਇਸ ਦਿਨ ਨੂੰ ਸਰਬੰਸਦਾਨੀ ਦਸ਼ਮੇਸ਼ ਪਿਤਾ ਨੇ ਖਾਲਸੇ ਦੀ ਸਿਰਜਣਾ ਲਈ ਚੁਣਿਆ ਸੀ। ਖਾਲਸੇ ਦੇ ਰੂਪ ਵਿਚ ਇਕ ਅਜੇਹੀ ਕੌਮ ਹੋਂਦ ਵਿਚ ਆਈ ਜਿਹੜੀ ਸੁੱਚੀ ਕਿਰਤ ਕਰਨ, ਉਸ ਨੂੰ ਵੰਡ ਛਕਣ ਤੇ ਮਿੱਠ ਬੋਲੜੇ ਸੁਭਾਵ ਵਾਲੀ ਬਣੀ। ਕਰਮ ਕਾਂਡਾਂ ਤੇ ਵਹਿਮਾਂ ਭਰਮਾਂ ਨੂੰ ਤਿਆਗ ਇਕ ਪ੍ਰਮਾਤਮਾ ਵਿਚ ਟੇਕ ਰੱਖੀ, ਮਨੁੱਖੀ ਵਿਤਕਰੇ ਅਤੇ ਵੈਰ ਵਿਰੋਧ ਨੂੰ ਤਿਆਗ ਇਸ ਕੌਮ ਨੇ ਸੇਵਾ ਤੇ ਸਿਮਰਨ ਅਤੇ ਮਜ਼ਲੂਮਾਂ ਦੀ ਰਾਖੀ ਕਰਨ ਦੀ ਮਨੁੱਖੀ ਮਿਸਾਲ ਕਾਇਮ ਕੀਤੀ। ਦੋ ਗੁਰੂ ਸਾਹਿਬਾਨ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਅਤੇ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਵੀ ਇਸੇ ਮਹੀਨੇ ਨਾਲੋਂ ਨਾਲ ਆਉਂਦਾ ਹੈ। ਦੋਵਾਂ ਸਤਿਗੁਰਾਂ ਨੇ ਮਨੁੱਖੀ ਹੱਕਾਂ ਦੀ ਰਖਵਾਲੀ ਅਤੇ ਜਬਰ ਜ਼ੁਲਮ ਦੇ ਵਿਰੋਧ ਵਿਚ ਅਦੁੱਤੀ ਸ਼ਹੀਦੀਆਂ ਪ੍ਰਾਪਤ ਕੀਤੀਆਂ। ਕੁਝ ਵਿਦਵਾਨਾਂ ਦਾ ਇਹ ਵੀ ਮੱਤ ਹੈ ਕਿ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਵੀ ਇਸੇ ਮਹੀਨੇ ਹੋਇਆ ਸੀ। ਗੁਰੂ ਸਾਹਿਬ ਨੇ ਸਮਾਜ ਵਿਚ ਸਦੀਆਂ ਤੋਂ ਪਈਆਂ ਵੰਡੀਆਂ, ਜਬਰ ਜ਼ੁਲਮ ਵਿਰੁੱਧ ਸਭ ਤੋਂ ਪਹਿਲਾਂ ਅਵਾਜ਼ ਬੁਲੰਦ ਕੀਤੀ। ਉਨ੍ਹਾਂ ਜ਼ਾਲਮ ਨੂੰ ਲਲਕਾਰਿਆ, ਧਾਰਮਿਕ ਆਗੂਆਂ ਨੂੰ ਫਿਟਕਾਰਿਆ ਅਤੇ ਦੱਬੇ ਕੁਚਲੇ ਲੋਕਾਂ ਨੂੰ ਹੱਕਾਂ ਦੀ ਰਾਖੀ ਵਾਸਤੇ ਜੂਝਣ ਲਈ ਵੰਗਾਰਿਆ। ਗੁਰੂ ਜੀ ਨੇ ਨਿਮਾਣੇ, ਨਿਤਾਣੇ ਅਤੇ ਨੀਚ ਸਮਝੇ ਜਾਂਦੇ ਲੋਕਾਂ ਦੇ ਬਰਾਬਰ ਆਪਣੇ ਆਪ ਨੂੰ ਖੜ੍ਹਾ ਕੀਤਾ ਤੇ ਉਨ੍ਹਾਂ ਦਾ ਸਾਥ ਦਿੱਤਾ। ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਦਾ ਪ੍ਰਚਾਰ ਕੀਤਾ ਅਤੇ ਦੱਬੇ ਕੁਚਲੇ ਲੋਕਾਂ ਨਹੀ ਧਿਆਨ ਦੇ ਦਰਵਾਜ਼ੇ ਖੋਲ੍ਹੇ।

ਉਨ੍ਹਾਂ ਦੇ ਪੰਜਵੇਂ ਸਰੂਪ ਗੁਰੂ ਅਰਜਨ ਦੇਵ ਜੀ ਨੇ ਅਨੁਭਵ ਕੀਤਾ ਕਿ ਲੋਕਾਂ ਵਿਚ ਕੇਵਲ ਮਾਣ ਨਾਲ ਜੀਊਣ ਦੀ ਤਾਂਘ ਪੈਦਾ ਕਰਨੀ ਹੀ ਕਾਫੀ ਨਹੀਂ ਹੈ, ਸਗੋਂ ਉਨ੍ਹਾਂ ਲਈ ਇਕ ਸਦੀਵੀ ਜੀਵਨ ਜਾਚ ਬਣਾਉਣ ਦੀ ਲੋੜ ਹੈ ਜਿਸ ਦੀ ਸੇਧੇ ਉਹ ਸੱਚ, ਹੱਕ ਅਤੇ ਬਰਾਬਰੀ ਵਾਲਾ ਜੀਵਨ ਜੀਅ ਸਕਣ। ਉਨਾਂ ਨੇ ਮਾਨਵਤਾ ਲਈ ਜੁਗੋ ਜੁਗ ਅਟੱਲ ਗੁਰੂ ਦੀ ਸੰਪਾਦਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਅਤੇ ਸੰਪਾਦਨਾ ਲਈ ਆਪ ਜੀ ਨੇ ਤਿੰਨ ਸਾਲ ਸਖਤ ਮਿਹਨਤ ਕੀਤੀ। ਸੰਪਾਦਨਾ ਲਈ ਵਿਆਕਰਣ ਦਾ ਨਿਰਮਾਣ ਕੀਤਾ ਅਤੇ ਉਸੇ ਵਿਆਕਰਣ ਦੇ ਆਧਾਰ ਉੱਤੇ ਬਾਣੀ ਨੂੰ ਤਰਤੀਬ ਦਿੱਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਅਜਿਹਾ ਮਹਾਨ ਧਾਰਮਿਕ ਗ੍ਰੰਥ ਹੈ ਜੋ ਸਾਰੀ ਮਾਨਵਤਾਲਈ ਹੈ ਕਿਉਂਕਿ ਉਸ ਵਿਚ ਚਾਰੇ ਵਰਣਾਂ ਤੇ ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਬਾਣੀ ਮਹਾਂਰਾਸ਼ਟਰ ਤੋਂ ਲੈ ਕੇ ਬੰਗਾਲ ਤੱਕ ਸਮੁੱਚੇ ਦੇਸ਼ ਦੀ ਪ੍ਰਤੀਨਿੱਧਤਾ ਕਰਦੀ ਹੈ। ਇਸ ਬਾਣੀ ਦੀ ਰਚਨਾ ਇਕ ਸਮੇਂ ਵਿਚ ਨਹੀਂ ਸਗੋਂ ਪੰਜ ਸਦੀਆਂ ਵਿਚ ਹੋਈ ਹੈ। ਇੰਝ ਇਹ ਬਾਣੀ ਸਰਬਸਾਂਝੀ ਅਤੇ ਸਦੀਵੀ ਹੈ। ਸ਼ਬਦ ਨੂੰ ਜਦੋਂ ਸੰਗੀਤ ਰਾਹੀਂ ਸਰਵਣ ਕੀਤਾ ਜਾਵੇ ਤਾਂ ਉਸ ਦਾ ਪ੍ਰਭਾਵ ਲਾਸਾਨੀ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ




# ਅਪ੍ਰੈਲ ਮਹੀਨੇ ਦੀ ਸਿੱਖ ਇਤਿਹਾਸ ਵਿੱਚ ਮਹੱਤਤਾ

ਵਿਚ ਸ਼ਾਮਿਲ ਸ਼ਬਦਾਂ ਦੇ ਗਾਇਨ ਦੇ ਗੁਰੂ ਜੀ ਨੇ ਰਾਗ ਨਿਰਧਾਰਿਤ ਰਾਗਾਂ ਵਿਚ ਢੁੱਕਵੇਂ ਸਮੇਂ ਗੁਰਬਾਣੀ ਦੇ ਗਾਇਣ ਦਾ ਸਰੋਤਿਆਂ ਉੱਤੇ ਜਾਦੂਈ ਅਸਰ ਹੋ ਸਕੇ। ਗੁਰੂ ਜੀ ਨੇ ਇਕ ਸਰਬ ਸਾਂਝੇ ਧਾਰਮਿਕ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ।

ਗੁਰੂ ਜੀ ਵੱਲੋਂ ਸ਼ੁਰੂ ਕੀਤੀ ਲੋਕ ਚੇਤਨਾ ਦੀ ਲਹਿਰ ਦਿਨੋ ਦਿਨ ਮਜ਼ਬੂਤ ਹੋ ਰਹੀ ਸੀ। ਲੋਕੀਂ ਜਾਤਪਾਤ, ਛੂਤਛਾਤ, ਅਮੀਰੀ-ਗਰੀਬੀ ਨੂੰ ਭੁੱਲ ਸੰਗਤ ਅਤੇ ਲੰਗਰ ਦੀ ਪੰਗਤ ਵਿਚ ਬਰਾਬਰ ਬੈਠਣ ਲਗ ਪਏ ਸਨ। ਨੀਵੀਆਂ ਧੌਣਾਂ ਉੱਚੀਆਂ ਹੋਣ ਲੱਗੀਆਂ। ਧਾਰਮਿਕ ਕਰਮ ਕਾਂਡਾਂ, ਦੇਵੀ ਦੇਵਤਿਆਂ ਦੀ ਪੂਜਾ ਬੰਦ ਹੋਣ ਲਗ ਪਈ। ਧਰਮਾਂ ਦੇ ਅਖੌਤੀ ਠੇਕੇਦਾਰਾਂ ਦੀਆਂ ਜਦੋਂ ਕੂੜ ਦੀਆਂ ਦੁਕਾਨਾਂ ਬੰਦ ਹੋਣ ਲੱਗੀਆਂ ਤਾਂ ਉਨ੍ਹਾਂ ਦਾ ਗੁੱਸਾ ਕੁਦਰਤੀ ਸੀ। ਉਨ੍ਹਾਂ ਮੌਕੇ ਦੇ ਹਾਕਮ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਗੁਰੂ ਜੀ ਦੀ ਸਿੱਖੀ ਵਿਚ ਤੇਜ਼ੀ ਨਾਲ ਹੋ ਰਹੇ ਵਧੇ ਦਾ ਸੇਕ ਸ਼ਾਹੀ ਮਹਿਲਾਂ ਤੀਕ ਵੀ ਪੁੱਜ ਗਿਆ। ਮੌਕੇ ਦੇ ਬਾਦਸ਼ਾਹ ਜਹਾਂਗੀਰ ਨੂੰ ਆਪਣੇ ਵਿਰੁੱਧ ਬਗਾਵਤ ਦਾ ਭੈਅ ਲੱਗਣ ਲੱਗ ਪਿਆ। ਬਾਦਸ਼ਾਹ ਮੌਕੇ ਅਤੇ ਬਹਾਨੇ ਦੀ ਤਲਾਸ਼ ਵਿਚ ਸੀ ਤਾਂ ਜੋ ਗੁਰੂ ਜੀ ਵਿਰੁੱਧ ਕੋਈ ਕਾਰਵਾਈ ਕੀਤੀ ਜਾ ਸਕੇ। ਬਾਦਸ਼ਾਹ ਨੂੰ ਇਹ ਬਹਾਨਾ ਵੀ ਜਲਦੀ ਹੀ ਮਿਲ ਗਿਆ। ਉਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ। ਪੰਜਾਬ ਵਿੱਚੋਂ ਲੰਘ ਰਿਹਾ ਖੁਸਰੋ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ, ਉਸ ਪੰਗਤ ਵਿਚ ਬੈਠ ਲੰਗਰ ਵੀ ਛਕਿਆ। ਬਾਦਸ਼ਾਹ ਜਹਾਂਗੀਰ ਨੇ ਇਕ ਬਾਗੀ ਦੀ ਸਹਾਇਤਾ ਕਰਨ ਦੇ ਦੋਸ਼ ਵਿਚ ਗੁਰੂ ਜੀ ਦੀ ਗ੍ਰਿਫਤਾਰੀ ਦਾ ਹੁਕਮ ਦੇ ਦਿੱਤਾ।

ਮਾਨਵਤਾ ਦੇ ਮਨੋਂ ਜ਼ੁਲਮ ਅਤੇ ਮੌਤ ਦਾ ਡਰ ਦੂਰ ਕਰਨ ਲਈ ਗੁਰੂ ਜੀ ਨੇ ਲਾਹੌਰ ਵਿਖੇ ਅਦੁੱਤੀ ਸ਼ਹਾਦਤ ਦਿੱਤੀ। ਗੁਰੂ ਜੀ ਨੂੰ ਤੱਤੀ ਤਵੀ ਉੱਤੇ ਬਿਠਾਇਆ ਗਿਆ, ਸੀਸ ਉੱਤੇ ਤੱਤੀ ਰੇਤ ਪਾਈ ਗਈ, ਉਬਲਦੀ ਦੇਗ ਵਿਚ ਉਬਾਲਿਆ ਗਿਆ ਤੇ ਮੁੜ ਰਾਵੀ ਦੇ ਠੰਡੇ ਪਾਣੀ ਵਿਚ ਡਬੋਇਆ ਗਿਆ। ਉਨ੍ਹਾਂ ਨੇ ਜਾਬਰ ਦੇ ਤਸ਼ੱਦਦ ਨੂੰ ਸ਼ਾਂਤੀ ਨਾਲ ਖਿੜੇ ਮੱਥੇ ਰੱਬ ਦਾ ਸਿਮਰਨ ਕਰਦੇ ਹੋਇਆ ਝੱਲਿਆ। ਜਦੋਂ ਆਪ ਜੀ ਤੇ ਜ਼ੁਲਮ ਹੋ ਰਿਹਾ ਸੀ ਤਾਂ ਸਾਈਂ ਮੀਆਂ ਮੀਰ ਤੋਂ ਇਹ ਵੇਖਿਆ ਨਾ ਗਿਆ। ਉਨ੍ਹਾਂ ਗੁਰੂ ਜੀ ਨੂੰ ਬੇਨਤੀ ਕੀਤੀ, ''ਗੁਰੂ ਜੀ ਮੈਨੂੰ ਆਪਣੀ ਕਰਾਮਾਤ ਵਿਖਾਉਣ ਦੀ ਆਗਿਆ ਦੇਵੋ।'' ਗੁਰੂ ਜੀ ਨੇ ਸ਼ਾਂਤ ਵਿਚ ਖਿੜੇ ਮੱਥੇ ਉੱਤਰ



ਡਾ. ਰਣਜੀਤ ਸਿੰਘ
ਮੋ. 94170-87328

ਦਿੱਤਾ, ''ਸਾਂਈਂ ਜੀ, ਸਾਡੇ ਕੋਲ ਸੱਚ ਦੀ ਤਾਕਤ ਹੈ। ਮੇਰਾ ਰੱਬ ਮੇਰੇ ਨਾਲ ਹੈ। ਉਸੇ ਦੇ ਸਹਾਰੇ ਅਸੀਂ ਇਹ ਜ਼ੁਲਮ ਖਿੜ੍ਹੇ ਮੱਥੇ ਝੱਲ ਰਹੇ ਹਾਂ, ਕੀ ਇਹ ਕਰਾਮਾਤ ਨਾਲੋਂ ਘੱਟ ਹੈ। ਰੱਬ ਦੀ ਰਜ਼ਾ ਵਿਚ ਹੀ ਰਹਿਣਾ ਸਾਡਾ ਧਰਮ ਹੈ। ਸਰੀਰ ਤੇ ਸੰਸਾਰ ਝੂਠ ਹੈ ਪਰ ਆਤਮਾ ਨਿਰਲੇਪ ਹੈ। ਹੁਣ ਜਦੋਂ ਕਿਸੇ ਸਿੱਖ ਉੱਤੇ ਕਸ਼ਟ ਆਵੇਗਾ ਤਾਂ ਉਹ ਭਾਣਾ ਮਿੱਠਾ ਕਰਕੇ ਮੰਨੇਗਾ। ਮਾਣ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ, ਰੱਬ ਦੇ ਪਿਆਰਿਆਂ ਨੂੰ ਸ਼ੋਭਦਾ ਹੈ। ਆਤਮਿਕ ਸ਼ਕਤੀ ਨੂੰ ਸਰੀਰ ਦੀ ਰੱਖਿਆ ਲਈ ਨਹੀਂ ਵਰਤਿਆ ਜਾ ਸਕਦਾ।'' ਗੁਰੂ ਜੀ ਦੇ ਸਪੁੱਤਰ ਗੁਰੂ ਹਰਗੋਬਿੰਦ ਸਾਹਿਬ ਉਦੋਂ ਕੇਵਲ 11 ਵਰ੍ਹਿਆਂ ਦੇ ਸਨ।

ਗੁਰੂ ਤੇਗ ਬਹਾਦਰ ਜੀ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਦੇ ਸਪੁੱਤਰ ਅਤੇ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਸਨ। ਆਪ ਦਾ ਪਹਿਲਾ ਨਾਮ ਤਿਆਗ ਮੱਲ ਸੀ। ਆਪ ਸੱਚਮੁੱਚ ਤਿਆਗੀ ਸਨ। ਗੁਰੂ ਜੀ ਗੰਭੀਰ ਸੁਭਾਅ ਦੇ ਸਨ ਅਤੇ ਹਮੇਸ਼ਾ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦੇ ਸਨ। ਗੁਰੂ ਹਰਗੋਬਿੰਦ ਸਾਹਿਬ ਨੂੰ ਸਮੇਂ ਦੀ ਸਰਕਾਰ ਨਾਲ ਯੁੱਧ ਕਰਨ ਲਈ ਮਜਬੂਰ ਕੀਤਾ ਗਿਆ। ਇਨ੍ਹਾਂ ਲੜਾਈਆਂ ਵਿਚ ਸ੍ਰੀ ਤਿਆਗ ਮੱਲ ਜੀ ਨੇ ਤੇਗ ਦੇ ਅਜਿਹੇ ਜੌਹਰ ਵਿਖਾਏ ਕਿ ਆਪ ਜੀ ਨੂੰ ਤੇਗ ਬਹਾਦਰ ਆਖਿਆ ਜਾਣ ਲੱਗ ਪਿਆ। ਆਪ ਜੀ ਦੇ ਮਹਿਲ ਮਾਤਾ ਗੁਜਰੀ ਜੀ ਸਨ। ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅੰਤਲਾ ਸਮਾਂ ਨੇੜੇ ਆਇਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਆਖਿਆ ਕਿ ਤੁਸੀਂ ਹੁਣ ਆਪਣੀ ਮਾਤਾ ਜੀ ਤੇ ਧਰਮ ਪਤਨੀ ਨਾਲ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਜਾਵੋ। ਆਪ ਜੀ ਨੇ ਬਿਨਾਂ ਕੋਈ ਉਜਰ ਕੀਤਿਆਂ ਉਨ੍ਹਾਂ ਦੇ ਹੁਕਮਾਂ ਦੀ ਪਾਲਣਾ ਕੀਤੀ।

ਅੱਠਵੇਂ ਪਾਤਸ਼ਾਹ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਸਮੇਂ ਦਿੱਲੀ ਵਿਖੇ ''ਬਾਬਾ ਬਕਾਲੇ'' ਆਖ ਗੁਰਗੱਦੀ ਦੀ ਬਖਸ਼ਿਸ਼ ਕੀਤੀ। ਆਪ ਅੱਠਵੇਂ ਗੁਰੂ ਜੀ ਦੇ ਰਿਸ਼ਤੇ ਵਿਚ ਦਾਦਾ ਜੀ ਲੱਗਦੇ ਸਨ।

ਕਸ਼ਮੀਰ ਦੀ ਸੁੰਦਰ ਵਾਦੀ ਵਿਚ ਦੇਸ਼ ਦੇ ਵਿਦਵਾਨ ਪੰਡਤਾਂ ਦੀ ਬਹੁਗਿਣਤੀ ਸੀ, ਜਿਹੜੇ ਉਸ ਸੁਹਾਵਣੇ ਅਤੇ ਸ਼ਾਂਤ ਮਾਹੌਲ ਵਿਚ ਗਿਆਨ ਧਿਆਨ ਦਾ ਕਾਰਜ ਕਰਦੇ ਸਨ। ਔਰੰਗਜ਼ੇਬ ਨੇ ਇਨ੍ਹਾਂ ਪੰਡਤਾਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਦਾ ਫੈਸਲਾ ਕੀਤਾ। ਪਰਜਾ ਦੇ ਇਸ ਵਰਗ ਦੇ ਧਰਮ ਪਰਿਵਰਤਨ ਨਾਲ ਦੂਜੇ ਲੋਕਾਂ ਨੂੰ ਮੁਸਲਮਾਨ ਬਣਾਉਣਾ ਸੌਖਾ ਹੋ ਜਾਣਾ ਸੀ।

ਸ਼ਾਹੀ ਜ਼ੁਲਮ ਦੇ ਸਤਾਏ ਹੋਏ ਇਨ੍ਹਾਂ ਪੰਡਤਾਂ ਨੂੰ ਗੁਰੂ ਤੇਗ ਬਹਾਦਰ ਜੀ ਹੀ ਇਸ ਔਖ ਦੀ ਘੜੀ ਵਿਚ ਆਸ ਦੀ ਕਿਰਨ ਨਜ਼ਰ ਆਏ। ਗੁਰੂ ਜੀ ਆਸ ਦੀ ਕਿਰਨ ਨਜ਼ਰ ਆਏ। ਗੁਰੂ ਜੀ ਜਦੋਂ ਕਸ਼ਮੀਰੀ ਪੰਡਤਾਂ ਦੀ ਫਰਿਆਦ ਸੁਣ ਰਹੇ ਸਨ ਤਾਂ ਆਪ ਜੀ ਦੇ ਸਪੁੱਤਰ ਮਹਾਨ ਇਨਕਲਾਬੀ ਨੌਂ ਸਾਲ ਦੇ ਬਾਲਕ ਗੋਬਿੰਦ ਰਾਏ ਵੀ ਕੋਲ ਖੜ੍ਹੇ ਸਨ। ਮਨੁੱਖਤਾ ਵਿਰੁੱਧ ਹੋ ਰਹੇ ਜ਼ੁਲਮ ਦੀ ਦਾਸਤਾਨ ਨੇ ਗੁਰੂ ਜੀ ਨੂੰ ਗੰਭੀਰ ਅਤੇ ਉਦਾਸ ਬਣਾ ਦਿੱਤਾ। ਬਾਲਕ ਗੋਬਿੰਦ ਦੇ ਪੁੱਛਣ 'ਤੇ ਉਨ੍ਹਾਂ ਸਾਰਾ ਬਿਰਤਾਂਤ ਸੁਣਾਇਆ। ਬਾਲਕ ਨੇ ਇਸ ਜ਼ੁਲਮ ਦੇ ਅੰਤ ਬਾਰੇ ਪੁੱਛਿਆ ਤਾਂ ਗੁਰੂ ਜੀ ਦਾ ਉੱਤਰ ਸੀ ਕਿ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਰਾਹੀਂ ਜਾਗੀ ਲੋਕ ਚੇਤਨਾ ਅਤੇ ਜਨ ਸ਼ਕਤੀ ਹੀ ਇਸ ਦਾ ਮੁਕਾਬਲਾ ਕਰ ਸਕਦੀ ਹੈ। ਬਾਲ ਗੋਬਿੰਦ ਜਿਨ੍ਹਾਂ ਨੇ ਪਿੱਛੋਂ ਜਾ ਕੇ ਸੰਸਾਰ ਵਿਚ ਸਰਬ-ਸਾਂਝੀਵਾਲਤਾ ਅਤੇ ਖਾਲਸਾ ਰਾਜ ਦੇ ਸੰਕਲਪ ਨੂੰ ਅਮਲੀ ਰੂਪ ਬਖਸ਼ਿਆ, ਆਖਿਆ, ''ਪਿਤਾ ਜੀ ਤੁਹਾਤੋਂ ਮਹਾਨ ਆਤਮਾ ਹੋਰ ਕਿਹੜੀ ਹੋ ਸਕਦੀ ਹੈ?'' ਆਪਣੇ ਬਾਲ ਪੁੱਤਰ ਦੇ ਇਹ ਬੋਲ ਸੁਣ ਕੇ ਗੁਰੂ ਜੀ ਦੇ ਚਿਹਰੇ ਤੋਂ ਉਦਾਸੀ ਦੂਰ ਹੋ ਗਈ ਤੇ ਰੱਬੀ ਨੂਰ ਡੁਲਕਣ ਲੱਗ ਪਿਆ। ਉਨ੍ਹਾਂ ਫਰਿਆਦੀ ਪੰਡਤਾਂ ਨੂੰ ਆਖਿਆ, ''ਔਰੰਗਜ਼ੇਬ ਨੂੰ ਆਖ ਦੇਵੋ ਕਿ ਜੇਕਰ ਸਾਡਾ ਗੁਰੂ ਮੁਸਲਮਾਨ ਬਣ ਜਾਵੇ ਤਾਂ ਅਸੀਂ ਸਾਰੇ ਇਸਲਾਮ ਧਾਰਨ ਕਰ ਲਵਾਂਗੇ।''

ਦਿੱਲੀ ਪੁੱਜਣ ਉੱਤੇ ਗੁਰੂ ਜੀ ਨੂੰ ਉਨ੍ਹਾਂ ਦੇ ਸਿੱਖਾਂ ਸਮੇਤ ਚਾਂਦਨੀ ਚੌਂਕ ਦੀ ਕੋਤਵਾਲੀ ਵਿਚ ਕੈਦ ਕਰ ਦਿੱਤਾ ਗਿਆ। ਔਰੰਗਜ਼ੇਬ ਨੇ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ, ''ਇਸਲਾਮ ਕਬੂਲ ਕਰੋ, ਸੰਸਾਰ ਦੇ ਸਾਰੇ ਸੁੱਖ ਤੁਹਾਡੇ ਕਦਮਾਂ ਉੱਤੇ ਹੋਣਗੇ। ਆਪਣੇ ਰੱਬੀ ਰੂਪ ਹੋਣ ਦੇ ਸਬੂਤ ਵਜੋਂ ਕੋਈ ਕਰਾਮਾਤ ਵਿਖਾਵੋ ਜਾਂ ਫਿਰ ਮੌਤ ਨੂੰ ਕਬੂਲ ਕਰੋ। ''ਗੁਰੂ ਜੀ ਨੇ ਦ੍ਰਿੜਤਾ ਨਾਲ ਉੱਤਰ ਦਿੱਤਾ, ''ਧਰਮ ਹਰ ਇਨਸਾਨ ਦਾ ਮੁੱਢਲਾ ਅਧਿਕਾਰ ਹੈ। ਇਸ ਵਿਚ ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਸਾਨੂੰ ਤੇਰੀ ਇਹ ਸ਼ਰਤ ਮਨਜ਼ੂਰ ਨਹੀਂ ਹੈ। ਜਿੱਥੋਂ ਤਾਈਂ ਦੁਨਿਆਵੀ ਦੌਲਤਾਂ ਦਾ ਸਬੰਧ ਹੈ ਮੇਰੇ ਪੱਲੇ ਸੱਚ ਦੀ ਦੌਲਤ ਹੈ। ਰੱਬ ਮੇਰੇ ਨਾਲ ਹੈ। ਇਸ ਤੋਂ ਵੱਡੀ ਹੋਰ ਕਿਹੜੀ ਦੌਲਤ ਹੋ ਸਕਦੀ ਹੈ? ਮੈਂ ਰੱਬ ਦਾ ਭਗਤ ਹਾਂ। ਕਰਾਮਾਤ ਉਸ ਦੇ ਕੰਮ ਵਿਚ ਦਖਲ ਅੰਦਾਜ਼ੀ ਹੈ, ਜਿਹੜੀ ਗੁਰੂ ਨਾਨਕ ਤੋਂ ਲੈ ਕੇ ਹੁਣ ਤੀਕ ਕਿਸੇ ਗੁਰੂ ਨੇ ਨਹੀਂ ਕੀਤੀ ਤੇ ਮੈਂ ਵੀ ਨਹੀਂ ਕਰਾਂਗਾ। ਤੇਰੀ ਤੀਜੀ ਸ਼ਰਤ ਮੈਨੂੰ ਪਰਵਾਨ ਹੈ, ਮੈਂ ਸ਼ਹੀਦ ਹੋਣ ਲਈ ਤਿਆਰ ਹਾਂ।

11 ਨਵੰਬਰ, 1675 ਵਾਲੇ ਦਿਨ ਚਾਂਦਨੀ ਚੌਕ ਵਿਚ ਲੋਕਾਂ ਦੇ ਵੱਡੇ ਇਕੱਠ ਦੇ ਸਾਹਮਣੇ ਜੱਲਾਦ ਨੇ ਗੁਰੂ ਜੀ ਦਾ ਸੀਸ ਧੜ ਤੋਂ ਜੁਦਾ ਕਰ ਦਿੱਤਾ। ਬਾਦਸ਼ਾਹ ਨੂੰ ਉਮੀਦ ਸੀ ਕਿ ਇਸ ਜ਼ੁਲਮ ਨਾਲ ਪਰਜਾ ਦਹਿਲ ਜਾਵੇਗੀ ਅਤੇ ਚੁਪਚਾਪ ਇਸਲਾਮ ਗ੍ਰਹਿਣ ਕਰ ਲਵੇਗੀ। ਪਰੰਤੂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਸੰਸਾਰ ਵਿਚ ਧਰਮ-ਜਾਤ, ਅਮੀਰੀ ਆਦਿ ਪਾਈਆਂ ਵੰਡੀਆਂ ਨੂੰ ਮੇਟ ਆਪਣੇ ਸਿੰਘਾਂ ਨੂੰ ਅਜਿਹਾ ਇਨਸਾਨ ਬਣਾਇਆ ਕਿ ਉਹ ਦੁਨਿਆਵੀ ਕਾਰਜਾਂ ਸਮੇਂ ਸੰਤ ਤੇ ਜ਼ੁਲਮ ਦਾ ਟਾਕਰਾ ਕਰਨ ਲਈ ਸਿਪਾਹੀ ਦਾ ਰੂਪ ਬਣੇ। ਉਨ੍ਹਾਂ ਜਦੋਂ ਹਥਿਆਰ ਚੁੱਕੇ ਤਾਂ ਉਸ ਸਮੇਂ ਦੀ ਸਭ ਤੋਂ ਤਾਕਤਵਰ ਸਮਝੀ ਹਕੂਮਤ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ। ਲੋਕ ਹੱਕਾਂ ਦੀ ਰਾਖੀ ਲਈ ਪਹਿਲੀ ਸ਼ਹੀਦੀ ਗੁਰੂ ਅਰਜਨ ਦੇਵ ਜੀ ਦੀ ਸੀ। ਦੂਜੀ ਸ਼ਹੀਦੀ ਉਨ੍ਹਾਂ ਦੇ ਪੋਤਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸੀ ਤੇ ਤੀਜੀ ਸ਼ਹਾਦਤ ਗੁਰੂ ਸਾਰੇ ਜੀ ਪੋਤਰਿਆਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਸੀ। ਸਿੱਖ ਇਤਿਹਾਸ ਸ਼ਹੀਦੀਆਂ ਦਾ ਇਤਿਹਾਸ ਹੈ। ਸਿੱਖੀ ਵਿਚ ਆਉਣ ਤੋਂ ਪਹਿਲਾਂ ਆਪਣੇ ਸੀਸ ਨੂੰ ਗੁਰੂ ਅੱਗੇ ਭੇਟ ਕਰਨਾ ਪੈਂਦਾ ਹੈ। ਆਵੋ ਆਪਣੇ ਮਹਾਨ ਵਿਰਸੇ ਤੋਂ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਉਨ੍ਹਾਂ ਨੂੰ ਨਿਰਾਸ਼ਾ ਦੇ ਹਨੇਰੇ ਵਿੱਚੋਂ ਕੱਢ ਕਿਰਤ ਨਾਲ ਜੋੜਿਆ ਜਾ ਸਕੇ ਅਤੇ ਨਸ਼ਿਆਂ ਦੀ ਦਲਦਲ ਵਲ ਜਾਣ ਤੋਂ ਮੋੜਿਆ ਜਾ ਸਕੇ।

**2024 ਦੀ ਵਰਲਡ ਏਅਰ ਕੁਆਲਿਟੀ ਰਿਪੋਰਟ ਨੇ ਖੁਲਾਸਾ ਕੀਤਾ ਕਿ ਦੁਨੀਆਂ ਦੇ ਸਿਰਫ 7 ਮੁਲਕ ਆਸਟਰੇਲੀਆ, ਬਾਹਾਮਾਸ, ਬਾਰਬਾਡੌਸ, ਇਸਟੋਨੀਆ, ਗਰਨਾਡਾ, ਆਈਸਲੈਂਡ ਅਤੇ ਨਿਊਜ਼ੀਲੈਂਡ ਹੀ ਪੀ ਐੱਮ 2.5 ਦੇ ਆਧਾਰ ਉੱਤੇ ਡਬਲਿਊ ਐੱਚ ਓ ਮਾਪਦੰਡਾਂ ਉੱਤੇ ਪੂਰੇ ਉਤਰਦੇ ਹਨ । ਰਿਪੋਰਟ ਅਨੁਸਾਰ ਦੁਨੀਆਂ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਦਿੱਲੀ ਹੈ; ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਰਨੀਹਾਟ (ਮੇਘਾਲਿਆ) ਵੀ ਭਾਰਤ ਵਿਚ ਹੀ ਹੈ । ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ 20 ਸ਼ਹਿਰਾਂ ਵਿੱਚੋਂ 13 ਭਾਰਤ ਵਿਚ ਹਨ ।**



# ਅਜੋਕਾ ਵਿਕਾਸ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ

**ਡਾ. ਗੁਰਿੰਦਰ ਕੌਰ,**
**ਸਾਬਕਾ ਪ੍ਰੋਫ਼ੈਸਰ,**
**ਜਿਓਗਰਾਫੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।**

ਕੁਦਰਤੀ ਵਾਤਾਵਰਨ ਵਿਚਲੇ ਹਵਾ, ਪਾਣੀ ਤੇ ਧਰਤੀ, ਤਿੰਨੇ ਤੱਤ ਹਰ ਤਰ੍ਹਾਂ ਦੇ ਜੈਵਿਕਾਂ (ਮਨੁੱਖਾਂ, ਜੀਵ-ਜੰਤੂਆਂ ਤੇ ਬਨਸਪਤੀ) ਦੀ ਜ਼ਿੰਦਗੀ ਲਈ ਅਹਿਮ ਹਨ । ਇਨ੍ਹਾਂ ਤੋਂ ਬਿਨਾਂ ਕਿਸੇ ਵੀ ਤਰ੍ਹਾਂ ਦੀ ਜ਼ਿੰਦਗੀ ਸੰਭਵ ਨਹੀਂ । ਇਹ ਕੁਦਰਤ ਦੀਆਂ ਮਨੁੱਖ ਨੂੰ ਦਿੱਤੀਆਂ ਅਨਮੋਲ ਦਾਤਾਂ ਹਨ । ਮਨੁੱਖ ਨੇ ਆਰਥਿਕ ਵਾਧੇ ਅਤੇ ਆਪਣੀਆਂ ਲਾਲਸਾਵਾਂ ਲਈ ਇਹ ਬਹੁਮੁੱਲੇ ਕੁਦਰਤੀ ਸ੍ਰੋਤ ਬੁਰੀ ਤਰ੍ਹਾਂ ਦੀ ਮਹੱਤਤਾ ਸਮਝਦੇ ਹਨ, ਇਸੇ ਲਈ ਉਹ ਕੁਦਰਤੀ ਸ੍ਰੋਤਾਂ ਨੂੰ ਪੂਜਦੇ ਅਤੇ ਸਤਿਕਾਰਦੇ ਸਨ । ਸਾਡੇ ਧਾਰਮਿਕ ਗ੍ਰੰਥਾਂ ਵਿਚ ਵੀ ਕੁਦਰਤੀ ਸ੍ਰੋਤਾਂ ਲਈ ਸਤਿਕਾਰਤ ਸ਼ਬਦ ਵਰਤੇ ਗਏ ਹਨ । ਗੁਰੂ ਨਾਨਕ ਜੀ ਨੇ ਇਨ੍ਹਾਂ ਕੁਦਰਤੀ ਸ੍ਰੋਤਾਂ ਨੂੰ ਗੁਰੂ ਪਿਤਾ ਅਤੇ ਮਾਤਾ ਸਮਾਨ ਦਰਜਾ ਦਿੱਤਾ-ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਕੁਦਰਤੀ ਸ੍ਰੋਤ ਸਿਰਫ ਸੰਭਾਲੇ ਜਾ ਸਕਦੇ ਹਨ, ਬਣਾਏ ਨਹੀਂ ਜਾ ਸਕਦੇ ।



ਅਫ਼ਸੋਸ ਕਿ ਭਾਰਤ ਸਮੇਤ ਦੁਨੀਆ ਦੇ ਬਹੁਤ ਮੁਲਕ ਇਨ੍ਹਾਂ ਕੁਦਰਤੀ ਸ੍ਰੋਤਾਂ ਦੀ ਸੰਭਾਲ ਕਰਨਾ ਭੁੱਲ ਗਏ । ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਿਊ ਐੱਚ ਓ) ਦੀ ਰਿਪੋਰਟ ਅਨੁਸਾਰ, ਹਵਾ ਇੰਨੀ ਪ੍ਰਦੂਸ਼ਿਤ ਹੋ ਗਈ ਹੈ ਕਿ ਦੁਨੀਆਂ ਭਰ ਵਿੱਚੋਂ 10 ਵਿੱਚੋਂ 9 ਵਿਅਕਤੀ ਪ੍ਰਦੂਸ਼ਿਤ ਹਵਾ ਵਿਚ ਸਾਹ ਲੈਂਦੇ ਹਨ; 2024 ਦੀ ਗਲੋਬਲ ਏਅਰ ਰਿਪੋਰਟ ਅਨੁਸਾਰ, ਹਰ ਸਾਲ 81 ਲੱਖ ਲੋਕ ਹਵਾ ਤੇ ਪ੍ਰਦੂਸ਼ਣ ਨਾਲ ਮਰ ਜਾਂਦੇ ਹਨ । ਇਸੇ ਰਿਪੋਰਟ ਦਾ ਖੁਲਾਸਾ ਹੈ ਕਿ ਭਾਰਤ ਵਿਚ ਇਸ ਪ੍ਰਦੂਸ਼ਣ ਕਾਰਨ 21 ਲੱਖ ਲੋਕ ਹਰ ਸਾਲ ਅਤੇ ਪੰਜ ਸਾਲ ਤੋਂ ਛੋਟੀ ਉਮਰ ਦੇ 464 ਬੱਚੇ ਹਰ ਰੋਜ਼ ਹਵਾ ਦੇ ਪ੍ਰਦੂਸ਼ਣ ਨਾਲ ਸਬੰਧਿਤ ਬਿਮਾਰੀਆਂ ਨਾਲ ਮਰ ਜਾਂਦੇ ਹਨ ।

ਹਵਾ ਪ੍ਰਦੂਸ਼ਣ ਨਾਲ ਦਿਲ ਅਤੇ ਸਾਹ ਨਾਲ ਸਬੰਧਿਤ ਬਿਮਾਰੀਆਂ, ਫੇਫੜਿਆਂ ਦਾ ਕੈਂਸਰ, ਦਮਾ, ਸਟ੍ਰੋਕ, ਚਮੜੀ ਅਤੇ ਅੱਖਾਂ ਦੀ ਐਲਰਜੀ ਆਦਿ ਬਿਮਾਰੀਆਂ ਹੋ ਜਾਂਦੀਆਂ ਹਨ । ਅਮਰੀਕਾ ਦੀ ਯੇਲ ਯੂਨੀਵਰਸਿਟੀ ਦੀ ਰਿਪੋਰਟ ਅਨੁਸਾਰ, ਹਵਾ ਦਾ ਪ੍ਰਦੂਸ਼ਣ ਮਨੁੱਖਾਂ ਦੀ ਔਸਤ ਉਮਰ ਉੱਤੇ ਵੀ ਅਸਰ ਪਾਉਂਦਾ ਹੈ । ਜਿੱਥੇ ਜਿੰਨਾ ਜ਼ਿਆਦਾ ਹਵਾ ਪ੍ਰਦੂਸ਼ਣ ਹੋਵੇਗਾ, ਉਸੇ ਅਨੁਪਾਤ ਵਿਚ ਉੱਥੋਂ ਦੇ ਲੋਕਾਂ ਦੀ ਔਸਤ ਉਮਰ ਘਟੇਗੀ । ਇਸ ਦਾ ਬੱਚਿਆਂ ਅਤੇ ਬਜ਼ੁਰਗਾਂ ਉੱਤੇ ਨੌਜੁਆਨਾਂ ਨਾਲੋਂ ਵੱਧ ਮਾੜਾ ਅਸਰ ਪੈਂਦਾ ਹੈ । 2024 ਦੀ ਵਰਲਡ ਏਅਰ ਕੁਆਲਿਟੀ ਰਿਪੋਰਟ ਨੇ ਖੁਲਾਸਾ ਕੀਤਾ ਕਿ ਦੁਨੀਆਂ ਦੇ ਸਿਰਫ 7 ਮੁਲਕ ਆਸਟਰੇਲੀਆ, ਬਾਹਾਮਾਸ, ਬਾਰਬਾਡੌਸ, ਇਸਟੋਨੀਆ, ਗਰਨਾਡਾ, ਆਈਸਲੈਂਡ ਅਤੇ ਨਿਊਜ਼ੀਲੈਂਡ ਹੀ ਪੀ ਐੱਮ 2.5 ਦੇ ਆਧਾਰ ਉੱਤੇ ਡਬਲਿਊ ਐੱਚ ਓ ਮਾਪਦੰਡਾਂ ਉੱਤੇ ਪੂਰੇ ਉਤਰਦੇ ਹਨ । ਰਿਪੋਰਟ ਅਨੁਸਾਰ ਦੁਨੀਆਂ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਦਿੱਲੀ ਹੈ; ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਬਰਨੀਹਾਟ (ਮੇਘਾਲਿਆ) ਵੀ ਭਾਰਤ ਵਿਚ ਹੀ ਹੈ । ਦੁਨੀਆਂ ਦੇ ਸਭ ਤੋਂ ਪ੍ਰਦੂਸ਼ਿਤ 20 ਸ਼ਹਿਰਾਂ ਵਿੱਚੋਂ 13 ਭਾਰਤ ਵਿਚ ਹਨ ।

ਹਵਾ ਪ੍ਰਦੂਸ਼ਣ ਦੇ ਦੋ ਮੁੱਖ ਸ੍ਰੋਤ ਹਨ : ਕੁਦਰਤੀ ਸ੍ਰੋਤ ਅਤੇ ਮਨੁੱਖੀ ਗਤੀਵਿਧੀਆਂ । ਕੁਦਰਤੀ ਸ੍ਰੋਤਾਂ ਰਾਹੀਂ ਹੋਣ ਵਾਲਾ ਪ੍ਰਦੂਸ਼ਣ ਥੋੜ੍ਹੇ ਸਮੇਂ ਲਈ ਹੁੰਦਾ ਹੈ । ਕੁਦਰਤੀ ਪ੍ਰਬੰਧਨ (ਈਕੋ ਸਿਸਟਮ) ਉਸ ਨੂੰ ਆਪ ਹੀ ਸਮੇਟ ਲੈਂਦਾ ਹੈ । ਦੂਜਾ ਸ੍ਰੋਤ ਮਨੁੱਖੀ ਗਤੀਵਿਧੀਆਂ ਹਨ ਜਿਨ੍ਹਾਂ ਵਿਚ ਉਦਯੋਗਿਕ ਇਕਾਈਆਂ, ਆਵਾਜਾਈ ਦੇ ਸਾਧਨ, ਉਸਾਰੀ ਦੇ ਕੰਮ, ਕੂੜੇ ਦੇ ਢੇਰਾਂ ਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣਾ, ਥਰਮਲ ਪਲਾਂਟ, ਇੱਟਾਂ ਦੇ ਭੱਠੇ, ਏਅਰ ਕੰਡੀਸ਼ਨਰਜ਼, ਧਾਰਮਿਕ ਤਿਉਹਾਰਾਂ ਤੇ ਸਮਾਜਿਕ ਸਮਾਗਮਾਂ ਉੱਤੇ ਪਟਾਕੇ ਚਲਾਉਣਾ ਆਦਿ ਹਨ । ਇਨ੍ਹਾਂ ਗਤੀਵਿਧੀਆਂ ਰਾਹੀਂ ਹਵਾ ਪ੍ਰਦੂਸ਼ਣ ਨਾਲ ਵੱਖ-ਵੱਖ ਸ੍ਰੋਤਾਂ ਤੋਂ ਨਿਕਲੀਆਂ ਗੈਸਾਂ ਧਰਤੀ ਦੇ ਔਸਤ ਤਾਪਮਾਨ ਵਿਚ ਵੀ ਵਾਧਾ ਕਰਦੀਆਂ ਹਨ । ਇਸ ਵਾਧੇ ਕਾਰਨ ਮੌਸਮੀ ਤਬਦੀਲੀਆਂ ਆਉਣ ਨਾਲ ਕੁਦਰਤੀ ਆਫਤਾਂ ਦੀ ਗਿਣਤੀ ਅਤੇ ਮਾਰ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ । ਇਹ ਗਤੀਵਿਧੀਆਂ ਧਰਤੀ ਉੱਤੇ ਰਹਿਣ ਵਾਲੇ ਸਾਰੇ ਜੈਵਿਕਾਂ ਦੀ ਜ਼ਿੰਦਗੀ ਮੁਸ਼ਕਿਲ ਬਣਾ ਰਹੀਆਂ ਹਨ ।

ਹਵਾ ਤੋਂ ਬਾਅਦ ਜੈਵਿਕਾਂ ਦੀ ਦੂਜੀ ਮੁੱਢਲੀ ਲੋੜ ਪਾਣੀ ਹੈ । ਪਾਣੀ ਤੋਂ ਬਿਨਾਂ ਧਰਤੀ ਉੱਤੇ ਕਿਸੇ ਵੀ ਤਰ੍ਹਾਂ ਦੀ ਜ਼ਿੰਦਗੀ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ । ਮਨੁੱਖ ਨੇ ਇਸ ਨੂੰ ਵੀ ਪ੍ਰਦੂਸ਼ਿਤ ਕਰ ਦਿੱਤਾ ਹੈ । ਪਾਣੀ ਬੇਲੋੜੀ ਵਰਤੋਂ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਡਿਗ ਰਿਹਾ ਹੈ, ਪੀਣ ਵਾਲੇ ਪਾਣੀ ਦੀ ਥੁੜ੍ਹ ਹੋ ਰਹੀ ਹੈ ।

ਨੀਤੀ ਆਯੋਗ ਦੀ 2018 ਦੀ ਰਿਪੋਰਟ ਅਨੁਸਾਰ ਮੁਲਕ ਦੇ 21 ਵੱਡੇ ਸ਼ਹਿਰਾਂ ਦਾ ਧਰਤੀ ਹੇਠਲਾ ਪਾਣੀ ਆਉਣ ਵਾਲੇ ਸਾਲਾਂ ਵਿਚ ਖਤਮ ਹੋ ਜਾਵੇਗਾ; 2030 ਤੱਕ ਮੁਲਕ ਦੀ 40 ਫੀਸਦੀ ਆਬਾਦੀ ਕੋਲ ਪੀਣ ਲਈ ਪਾਣੀ ਨਹੀਂ ਹੋਵੇਗਾ । ਵਰਲਡ ਵਾਈਲਡ ਫੰਡ ਦੀ 2020 ਰਿਪੋਰਟ ਅਨੁਸਾਰ, 2050 ਤੱਕ ਭਾਰਤ ਦੇ 30 ਵੱਡੇ ਸ਼ਹਿਰਾਂ ਦਾ ਪਾਣੀ ਖਤਮ ਹੋ ਜਾਵੇਗਾ । ਸੈਂਟਰਲ ਗਰਾਊਂਡ ਵਾਟਰ ਬੋਰਡ ਦੀ 2023 ਦੀ ਰਿਪੋਰਟ ਅਨੁਸਾਰ, ਮੁਲਕ ਦਾ 70 ਫੀਸਦੀ ਧਰਤੀ ਉੱਤਲਾ ਪੀਣ ਵਾਲਾ ਪਾਣੀ ਪ੍ਰਦੂਸ਼ਿਤ ਹੋ ਚੁੱਕਿਆ ਹੈ ਅਤੇ ਪ੍ਰਦੂਸ਼ਿਤ ਪਾਣੀ ਪੀਣ ਨਾਲ ਹਰ ਸਾਲ 3 ਲੱਖ ਵਿਅਕਤੀ ਸਮੇਂ ਤੋਂ ਪਹਿਲਾਂ ਮਰ ਜਾਂਦੇ ਹਨ । 60 ਫੀਸਦੀ ਸੀਵਰੇਜ ਅਤੇ ਉਦਯੋਗਾਂ ਦਾ ਗੰਦਾ ਪਾਣੀ ਸ਼ੁੱਧ ਕੀਤੇ ਬਿਨਾ ਹੀ ਨਦੀਆਂ ਤੇ ਦਰਿਆਵਾਂ ਵਿਚ ਛੱਡ ਦਿੱਤਾ ਹੈ । ਜਲਗਾਹਾਂ (ਝੀਲਾਂ, ਟੋਭੇ, ਦਲਦਲੀ ਖੇਤਰ, ਬਰਸਾਤੀ ਨਾਲੇ, ਦਰਿਆ ਆਦਿ) ਦੇ ਖਾਲੀ ਪਏ ਖੇਤਰਾਂ ਉੱਤੇ ਕੀਤੀਆਂ ਜਾ ਰਹੀਆਂ ਉਸਾਰੀਆਂ ਨੇ ਪਾਣੀ ਰੀਚਾਰਜ ਵਾਲੇ ਖੇਤਰ ਘਟਾ ਦਿੱਤੇ ਹਨ ।

ਹਵਾ ਅਤੇ ਪਾਣੀ ਤੋਂ ਬਾਅਦ ਧਰਤੀ ਦੀ ਗੱਲ ਕਰੀਏ ਤਾਂ ਮਨੁੱਖ ਨੇ ਇਸ ਦੀ ਹੋਂਦ ਉੱਤੇ ਵੀ ਖਤਰਾ ਖੜ੍ਹਾ ਕਰ ਦਿੱਤਾ ਹੈ । ਧਰਤੀ ਦਾ ਬਰਫ ਰਹਿਤ 70 ਫੀਸਦੀ ਖੇਤਰ ਮਨੁੱਖ ਨੇ ਆਪਣੀਆਂ ਗਤੀਵਿਧੀਆਂ ਨਾਲ ਬਦਲ ਦਿੱਤਾ ਹੈ । ਧਰਤੀ ਉੱਤੇ ਤਿੰਨ ਤਰ੍ਹਾਂ ਦੇ ਜੈਵਿਕ ਮਨੁੱਖ, ਜੀਵ-ਜੰਤੂ ਅਤੇ ਬਨਸਪਤੀ ਹੁੰਦੇ ਹਨ । ਤਿੰਨਾਂ ਦੇ ਹਿੱਸੇ ਵਿਚ ਧਰਤੀ ਦਾ 33-33 ਫੀਸਦੀ ਆਉਂਦਾ ਹੈ । ਲਗਭਗ ਸਾਰੇ ਜੀਵ-ਜੰਤੂ ਜੰਗਲਾਂ ਵਿਚ ਰਹਿੰਦੇ ਹਨ । ਸੋ 66 ਫੀਸਦੀ ਹਿੱਸਾ ਜੰਗਲਾਂ ਅਤੇ ਜੀਵ-ਜੰਤੂਆਂ ਦੇ ਹਿੱਸੇ ਆਉਣਾ ਬਣਦਾ ਹੈ । ਧਰਤੀ ਉੱਤੇ ਕਿਸੇ ਵੀ ਤਰ੍ਹਾਂ ਦੇ ਵਿਕਾਸ ਲਈ ਸਭ ਤੋਂ ਪਹਿਲਾਂ ਜੰਗਲ ਵੱਢੇ ਜਾਂਦੇ ਹਨ ਜਿਸ ਕਾਰਨ ਬਨਸਪਤੀ ਦੇ ਨਾਲ-ਨਾਲ ਜੀਵ-ਜੰਤੂਆਂ ਦਾ ਬਸੇਰਾ ਅਤੇ ਭੋਜਨ ਦੇ ਸ੍ਰੋਤ ਵੀ ਖਤਮ ਹੋ ਜਾਂਦੇ ਹਨ । ਨਤੀਜੇ ਵਜੋਂ ਜੰਗਲੀ ਜਾਨਵਰ ਭਟਕਦੇ ਹਨ । ਜੰਗਲਾਂ ਦੀ ਕਟਾਈ ਤੇਜ਼ੀ ਰਿਪੋਰਟ ਅਨੁਸਾਰ, ਥੱਲੇ ਰਕਬਾ ਸਿਰਫ 21.76 ਫੀਸਦੀ ਅਤੇ ਦਰਖਤਾਂ ਥੱਲੇ 3.41 ਫੀਸਦੀ ਹੈ ।

ਜੰਗਲ ਵਾਤਾਵਰਨ ਵਿਚ ਆਕਸੀਜਨ ਛੱਡਦੇ ਹਨ ਤੇ ਕਾਰਬਨ ਡਾਇਆਕਸਾਈਡ ਸੋਖ ਕੇ ਆਪਣਾ ਭੋਜਨ ਬਣਾਉਂਦੇ ਹਨ । ਜੰਗਲਾਂ ਥੱਲੇ ਰਕਬਾ ਘਟਣ ਕਾਰਨ ਵਾਤਾਵਰਨ ਵਿਚ ਕਾਰਬਨ ਡਾਇਆਕਸਾਈਡ ਦਾ ਅਨੁਪਾਤ ਵਧਣ ਨਾਲ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ ਜਿਸ ਨਾਲ ਮੌਸਮੀ ਤਬਦੀਲੀਆਂ ਆ ਰਹੀਆਂ ਹਨ । ਇਨ੍ਹਾਂ ਤਬਦੀਲੀਆਂ ਕਾਰਨ ਬਸੰਤ ਤੇ ਸਰਦੀ ਰੁੱਤ ਛੋਟੀ ਹੋ ਰਹੀ ਹੈ ਅਤੇ ਗਰਮੀ ਦੀ ਰੁੱਤ ਲੰਮੀ ਤੇ ਗਰਮ ਲਹਿਰਾਂ ਵਾਲੀ ਹੋ ਰਹੀ ਹੈ । ਤਾਪਮਾਨ ਵਧਣ ਨਾਲ ਕੁਦਰਤੀ ਆਫਤਾਂ ਦੀ ਗਿਣਤੀ ਵੱਧ ਰਹੀ ਹੈ ।

ਵਧ ਰਹੀ ਆਬਾਦੀ ਲਈ ਵੱਧ ਖੁਰਾਕ ਦੀ ਲੋੜ ਪੂਰੀ ਕਰਨ ਲਈ ਕੁਝ ਰਾਜਾਂ ਵਿਚ 1960ਵਿਆਂ ਵਿੱਚ ਨਵੀਂ ਖੇਤੀਬਾੜੀ ਜੁਗਤ ਸ਼ੁਰੂ ਕੀਤੀ ਗਈ । ਇਹ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਕ ਖਾਦਾਂ, ਕੀਟਨਾਸ਼ਕ ਤੇ ਨਦੀਨਨਾਸ਼ਕਾਂ, ਖੇਤੀਬਾੜੀ ਮਸ਼ੀਨਰੀ ਅਤੇ ਖੇਤੀਬਾੜੀ ਦੇ ਆਧੁਨਿਕ ਢੰਗਾਂ ਦਾ ਪੈਕੇਜ ਸੀ । ਇਸ ਜੁਗਤ ਲਈ ਪੰਜਾਬ ਚੁਣਿਆ ਗਿਆ । ਪੰਜਾਬ ਦੇ ਮਿਹਨਤੀ ਕਿਸਾਨਾਂ ਨੇ ਆਪਣੇ ਉੱਦਮ ਸਦਕਾ ਮੁਲਕ ਦੀ ਅਨਾਜ ਦੀ ਥੁੜ੍ਹ ਤਾਂ ਪੂਰੀ ਕਰ ਦਿੱਤੀ ਪਰ ਇਸ ਨਾਲ ਪੰਜਾਬ ਦੇ ਧਰਤੀ ਸਮੇਤ ਸਮੁੱਚਾ ਵਾਤਾਵਰਨ ਪ੍ਰਦੂਸ਼ਿਤ ਤੇ ਗੰਧਲਾ ਹੋ ਗਿਆ । ਕੁਦਰਤੀ ਸ੍ਰੋਤ ਨੁਕਸਾਨੇ ਗਏ । ਧਰਤੀ ਦਾ ਪ੍ਰਬੰਧਕੀ ਸੰਤੁਲਨ ਵਿਗੜ ਗਿਆ ।

ਇਹੀ ਨਹੀਂ, ਆਰਥਿਕ ਵਾਧੇ ਖਾਤਿਰ ਪਹਾੜਾਂ ਵਿਚ ਚਾਰ ਮਾਰਗੀ ਸੜਕਾਂ, ਰੋਪਵੇਅ, ਹੈਲੀਪੈਡ ਆਦਿ ਬਣਾਏ ਜਾ ਰਹੇ ਹਨ । ਹਿਮਾਲਿਆ ਦੇ ਪਹਾੜ ਅਜਿਹੇ ਆਰਥਿਕ ਵਾਧੇ ਦੀ ਤਾਬ ਨਾ ਝੱਲਦੇ ਢਹਿ-ਢੇਰੀ ਹੋ ਰਹੇ ਹਨ । ਇੱਥੇ ਹੀ ਬਸ ਨਹੀਂ, ਦਰਿਆਵਾਂ ਦੇ ਵਹਿਣ ਵੀ ਬਦਲ ਦਿੱਤੇ ਹਨ । ਇਸ ਲਈ ਹਵਾ, ਪਾਣੀ ਤੇ ਧਰਤੀ ਨੂੰ ਬਚਾਉਣ ਲਈ ਕੁਦਰਤ ਪੱਖੀ ਆਰਥਿਕ ਵਿਕਾਸ ਹੀ ਹੋਣਾ ਚਾਹੀਦਾ ਹੈ । ਹਵਾ ਪ੍ਰਦੂਸ਼ਣ ‘ਤੇ ਕੰਟਰੋਲ ਲਈ ਉਦਯੋਗਿਕ ਇਕਾਈਆਂ ਵਿਚ ਹਵਾ ਸ਼ੁੱਧਤਾ ਯੰਤਰ ਲਗਾਉਣੇ, ਜੰਗਲਾਂ ਥੱਲੇ 33 ਫੀਸਦੀ ਰਕਬਾ ਕਰਨਾ, ਜਨਤਕ ਆਵਾਜਾਈ ਦੇ ਸਾਧਨਾਂ ਨੂੰ ਪ੍ਰਭਾਵਸ਼ਾਲੀ ਬਣਾਉਣਾ, ਕੂੜੇ ਕਰਕਟ ਦੇ ਢੇਰਾਂ ਨੂੰ ਵਿਗਿਆਨਕ ਢੰਗਾਂ ਨਾਲ ਨਜਿੱਠਣਾ, ਉਸਾਰੀ ਦੇ ਕੰਮਾਂ ਨੂੰ ਸਾਵਧਾਨੀ ਨਾਲ ਨਜਿੱਠਣਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੇ ਖੇਤਰ ਦੀਆਂ ਖੇਤੀਬਾੜੀ ਜਲਵਾਯੂ ਹਾਲਤਾਂ ਅਨੁਸਾਰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣਾ ਕੇਂਦਰ ਸਰਕਾਰ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ।

ਕੇਂਦਰ ਤੇ ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਪਾਣੀ ਦੇ ਪ੍ਰਦੂਸ਼ਣ ਉੱਤੇ ਕਾਬੂ ਪਾਉਣ ਲਈ ਉਦਯੋਗਿਕ ਇਕਾਈਆਂ ਦੇ ਰਸਾਇਣਕ ਭਰਪੂਰ ਗੰਦੇ ਅਤੇ ਸੀਵਰੇਜ ਦੇ ਪਾਣੀ ਨੂੰ ਸ਼ੁੱਧ ਕਰਨ ਤੋਂ ਬਾਅਦ ਹੀ ਦਰਿਆਵਾਂ, ਨਦੀਆਂ ਜਾਂ ਹੋਰ ਕਿਸੇ ਵੀ ਜਲਗਾਹਾਂ ਵਿਚ ਨਿਕਾਸ ਕਰਨ ਨੂੰ ਯਕੀਨੀ ਬਣਾਇਆ ਜਾਵੇ । ਪਾਣੀ ਸ੍ਰੋਤਾਂ (ਦਰਿਆ, ਨਦੀਆਂ, ਝੀਲਾਂ, ਤਾਲਾਬਾਂ, ਟੋਭਿਆਂ ਆਦਿ) ਵਿਚ ਗੰਦਗੀ ਸੁੱਟਣ ‘ਤੇ ਮਨਾਈ ਹੋਵੇ । ਜਲ ਸ੍ਰੋਤ ਖੇਤਰ ਉੱਤੇ ਕਬਜ਼ੇ ਕਰਨ ਵਾਲਿਆਂ ਉੱਤੇ ਕਾਨੂੰਨੀ ਕਾਰਵਾਈ ਹੋਵੇ । ਦਰਿਆਵਾਂ ਉੱਤੇ ਵੱਡੇ ਬੰਨ੍ਹ ਬਣਾਉਣ ਦੀ ਥਾਂ ਛੋਟੇ ਬੰਨ੍ਹ ਬਣਾਏ ਜਾਣ । ਇਸ ਨਾਲ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਦਰਿਆ ਵੀ ਬਚੇ ਰਹਿਣਗੇ ।

ਧਰਤੀ ਨੂੰ ਕਿਸੇ ਵੀ ਤਰ੍ਹਾਂ ਦੀ ਬਰਬਾਦੀ ਤੋਂ ਬਚਾਉਣ ਲਈ ਸਾਰੇ ਕੁਦਰਤੀ ਸ੍ਰੋਤਾਂ ਦੀ ਸੰਭਾਲ ਸੰਜੀਦਗੀ ਨਾਲ ਕਰਨੀ ਬਣਦੀ ਹੈ । ਮੈਦਾਨੀ ਅਤੇ ਪਹਾੜੀ ਖੇਤਰਾਂ ਦਾ ਆਰਥਿਕ ਵਾਧਾ ਉਨ੍ਹਾਂ ਖੇਤਰਾਂ ਦੀ ਸਮਰੱਥਾ ਅਨੁਸਾਰ ਹੋਣਾ ਚਾਹੀਦਾ ਹੈ । ਇਸ ਲਈ ਰਾਜ ਅਤੇ ਕੇਂਦਰ ਸਰਕਾਰਾਂ ਲੋਕ ਪੱਖੀ ਅਤੇ ਕੁਦਰਤ ਪੱਖੀ ਵਿਕਾਸ ਕਰਨ ।



# ਜਿਉਣ ਰੁੱਖਾਂ ਦੀਆਂ ਛਾਂਵਾਂ

ਪਨੇਸਰ ਹਰਿੰਦਰ
ਮੋ: 94633-80557

ਜਦ ਤੋਂ ਧਰਤੀ 'ਤੇ ਜੀਵਨ ਦੀ ਉਤਪਤੀ ਹੋਈ ਹੈ, ਉਦੋਂ ਤੋਂ ਹੀ ਰੁੱਖ, ਕੁਦਰਤ ਅਤੇ ਜੀਵਨ ਦਾ ਅਟੁੱਟ ਅੰਗ ਰਹੇ ਹਨ। ਇੱਕ ਸੈਲੀ ਜੀਵਾਂ ਤੋਂ ਲੈ ਕੇ ਪੰਛੀ-ਪੰਖੇਰੂਆਂ, ਜਾਨਵਰਾਂ ਅਤੇ ਇਨਸਾਨਾਂ ਦਾ ਵੱਖ-ਵੱਖ ਰੂਪ ਵਿੱਚ ਰੁੱਖਾਂ ਅਤੇ ਬਨਸਪਤੀ ਨਾਲ ਡੂੰਘਾ ਸੰਬੰਧ ਚੱਲਿਆ ਆ ਰਿਹਾ ਹੈ। ਬੁੱਧੀ ਵਾਲੇ ਸੇਬ ਨੇ ਮਨੁੱਖ ਨੂੰ ਭਾਵੇਂ ਆਧੁਨਿਕਤਾ ਦੀਆਂ ਨਵੀਨਤਮ ਹੱਦਾਂ ਨੂੰ ਚੁਣੌਤੀ ਦੇਣ ਕਾਬਲ ਤਾਂ ਬਣਾ ਦਿੱਤਾ ਪਰ ਨਾਲ ਹੀ ਇਸ ਨੇ ਇਨਸਾਨ ਅਤੇ ਕੁਦਰਤ ਦੇ ਸੰਬੰਧ ਨੂੰ ਕੰਜ਼ੋਰ ਕਰਦੇ ਹੋਏ ਮਨੁੱਖਤਾ ਨੂੰ ਤਬਾਹੀ ਵੱਲ ਵੀ ਧੱਕ ਦਿੱਤਾ ਹੈ। ਮਨੁੱਖ ਧਰਤੀ ਦਾ ਸਭ ਤੋਂ ਪ੍ਰਬਲ ਪ੍ਰਾਣੀ ਹੈ ਅਤੇ ਬਾਕੀ ਸਾਰੇ ਜਾਨਵਰ ਅਤੇ ਜੀਵ ਉਸ ਦੀ ਪ੍ਰਭੁੱਸਤਾ ਦੇ ਦਬਦਬੇ ਹੇਠ ਹਨ। ਸ਼ਹਿਰੀਕਰਨ ਵੱਲ ਚੱਲੇ ਮਨੁੱਖ ਨੇ ਰੁੱਖਾਂ ਦੀ ਕਟਾਈ ਅਤੇ ਜੰਗਲਾਤ ਦਾ ਸਫ਼ਾਇਆ ਕਰਨਾ ਸ਼ੁਰੂ ਕੀਤਾ ਹੋਇਆ ਹੈ। ਹਾਲਾਂਕਿ ਉਸ ਨੂੰ ਰੁੱਖਾਂ ਦੀ ਕਟਾਈ ਕਾਰਨ ਹੋਣ ਵਾਲੇ ਨੁਕਸਾਨਾਂ ਦੀ ਭਲੀ-ਭਾਂਤ ਜਾਣਕਾਰੀ ਸੀ, ਪਰ ਪੈਸੇ ਦੀ ਭੁੱਖ ਅਤੇ ਅਖੌਤੀ ਵਿਕਾਸ ਖ਼ਾਤਰ ਉਹ ਅੰਨ੍ਹੇਵਾਹ ਰੁੱਖਾਂ ਦੀ ਕਟਾਈ ਕਰਦਾ ਰਿਹਾ ਹੈ। ਇਸ ਦਾ ਨਤੀਜਾ ਇਹ ਹੈ ਕਿ ਸਾਨੂੰ ਆਲਮੀ ਤਪਸ਼, ਮੌਸਮਾਂ ਦੀ ਬੇਤਰਤੀਬੀ, ਜਾਨਵਰਾਂ ਅਤੇ ਪੰਛੀਆਂ ਦੀਆਂ ਜਾਤੀਆਂ ਦਾ ਲੋਪ ਹੋਣਾ, ਕੁਦਰਤੀ ਵਰਤਾਰਿਆਂ ਅਤੇ ਭੂਗੋਲਿਕ ਹਾਲਾਤ ਵਿੱਚ ਭਿਆਨਕ ਤਬਦੀਲੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੰਗਲਾਤ ਹੇਠ ਘੱਟ ਰਹੇ ਰਕਬੇ ਕਾਰਨ ਹੀ ਇਨਸਾਨ ਨੂੰ ਪ੍ਰਦੂਸ਼ਣ ਦੀ ਸਮੱਸਿਆ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ।

ਪ੍ਰਦੂਸ਼ਣ ਕਾਰਨ ਓਜ਼ੋਨ ਪਰਤ ਵਿੱਚ ਹੋਏ ਛੇਕਾਂ ਦਾ ਆਕਾਰ ਵੱਧਦਾ ਜਾ ਰਿਹਾ ਹੈ ਅਤੇ ਪਰਾਬੈਂਗਣੀ ਕਿਰਨਾਂ ਦੀ ਧਰਤੀ 'ਤੇ ਬਹੁਤਾਤ ਜੀਵਨ ਦੀ ਹੋਂਦ ਲਈ ਖਤਰੇ ਵਾਂਗ ਹੈ। ਗੱਲ ਕਰਦੇ ਹਾਂ ਪੰਜਾਬ ਦੀ। ਪੰਜਾਬ ਦੀ ਧਰਤੀ ਗੁਰੂਆਂ-ਪੀਰਾਂ ਦੀ ਧਰਤੀ ਹੈ ਅਤੇ ਇਸ ਮਿੱਟੀ ਦੇ ਜਾਇਆਂ ਦਾ ਰੁੱਖਾਂ ਨਾਲ ਬੜਾ ਨੇੜਲਾ ਰਿਸ਼ਤਾ ਹੈ। ਪੰਜਾਬ ਦੇ ਲੋਕਾਂ ਦਾ ਜੀਵਨ ਕਾਫ਼ੀ ਹੱਦ ਤੱਕ ਕੁਦਰਤ ਦੇ ਰੰਗਾਂ ਵਿੱਚ ਰੰਗਿਆ ਹੋਇਆ ਹੈ ਅਤੇ ਉਨ੍ਹਾਂ ਦੀ ਜ਼ਿੰਦਗੀ 'ਚ ਰੁੱਖ ਸਮਾਜਿਕ ਅਤੇ ਧਾਰਮਿਕ ਮਾਨਤਾਵਾਂ ਰੱਖਦੇ ਹਨ। ਰੰਗਲੇ ਪੰਜਾਬ ਦੀਆਂ ਲੋਕ ਵੰਨਗੀਆਂ ਵਿੱਚ ਰੁੱਖ ਇੱਕ ਅਹਿਮ ਕਿਰਦਾਰ ਮੰਨੇ ਜਾਂਦੇ ਰਹੇ ਹਨ। ਉਨ੍ਹਾਂ ਉੱਤੇ ਪਾਈਆਂ ਪੀਂਘਾਂ ਝੂਟਦੀਆਂ ਮੁਟਿਆਰਾਂ ਦੀ ਗੱਲ ਹੋਵੇ, ਜੰਡ ਹੇਠ ਵੱਢੇ ਗਏ ਮਿਰਜ਼ੇ ਦੀ ਗੱਲ ਹੋਵੇ, ਧਾਰਮਿਕ ਮਾਨਤਾਵਾਂ ਲਈ ਰੁੱਖਾਂ ਨੂੰ ਪੂਜਣ ਦੀ ਗੱਲ ਹੋਵੇ ਜਾਂ ਲੋਕ ਗੀਤਾਂ, ਕਵਿਤਾਵਾਂ, ਰੁਬਾਈਆਂ ਵਿੱਚ ਆਪਣੇ ਜਜ਼ਬਾਤ ਬਿਆਨਣ ਦੀ ਗੱਲ ਹੋਵੇ, ਰੁੱਖ ਪੰਜਾਬੀਆਂ ਦੇ ਰਹਿਣ-ਸਹਿਣ ਵਿੱਚ ਹਮੇਸ਼ਾਂ ਹਾਜ਼ਰ ਰਹੇ ਹਨ। ਸਿੱਖਿਆ ਦੀ ਗੱਲ ਕਰੀਏ ਤਾਂ ਆਧੁਨਿਕ ਚਿੱਤਰਕਲਾ ਵਿੱਚ ਵੀ ਰੁੱਖ ਜ਼ਿੰਦਗੀ ਦਾ ਪ੍ਰਤੀਕ ਮੰਨੇ ਜਾਂਦੇ ਹਨ। ਪੰਜਾਬ ਨੇ ਵਿਕਾਸ, ਸ਼ਹਿਰੀਕਰਨ ਅਤੇ ਬੁਨਿਆਦੀ ਢਾਂਚੇ ਦੀ ਤਰੱਕੀ ਦੇ ਨਾਂ 'ਤੇ ਜਿਸ ਤੀਬਰਤਾ ਨਾਲ ਰੁੱਖਾਂ ਦੀ ਕਟਾਈ ਕੀਤੀ ਹੈ, ਯਕੀਨਨ ਉਹ ਬਹੁਤ ਤਬਾਹਕੁੰਨ ਵਰਤਾਰਾ ਹੈ। ਚਾਰੇ ਪਾਸੇ ਨਵੀਆਂ ਕਾਲੋਨੀਆਂ, ਚੌੜੀਆਂ ਹੁੰਦੀਆਂ ਸੜਕਾਂ, ਪੁਲਾਂ ਲਈ ਰੁੱਖਾਂ ਦੀ ਕਟਾਈ ਭਾਵੇਂ ਦ੍ਰਿਸ਼ਮਾਨ ਤੌਰ 'ਤੇ ਤਰੱਕੀ ਹੀ ਜਾਪਦੀ ਹੈ ਪਰ ਤ੍ਰਾਸਦੀ ਇਹ ਹੈ ਕਿ ਸਰਕਾਰ ਹਰਿਆਵਲ ਅਤੇ ਰੁੱਖ ਲਗਾਉਣ ਤੋਂ ਪਾਸਾ ਵੱਟ ਰਹੀ ਹੈ। ਇਸ ਮਾਮਲੇ ਵਿੱਚ ਪੰਜਾਬ ਦੇ ਅੰਕੜੇ ਹੈਰਾਨ ਕਰ ਦੇਣ ਵਾਲੇ ਹਨ।

ਸੰਨ 1980 ਤੋਂ ਪੰਜਾਬ ਆਪਣਾ 50% ਜੰਗਲਾਤ ਰਕਬਾ ਸ਼ਹਿਰੀਕਰਨ ਅਤੇ ਉਦਯੋਗੀਕਰਨ ਦੇ ਨਾਂ 'ਤੇ ਖ਼ਤਮ ਕਰ ਚੁੱਕਾ ਹੈ, ਜਦੋਂ ਕਿ ਇਸ ਦੇ ਮੁਕਾਬਲੇ ਮਹਾਰਾਸ਼ਟਰ, ਪੱਛਮੀ ਬੰਗਾਲ ਅਤੇ ਤਾਮਿਲਨਾਡੂ ਨੇ ਆਪਣੇ ਜੰਗਲਾਤ ਰਕਬੇ ਦਾ ਸਿਰਫ਼ 1% ਹੀ ਵਰਤਿਆ ਹੈ। ਨਾਲ ਹੀ ਪੁੱਡੂਚੇਰੀ, ਲਕਸ਼ਦੀਪ ਅਤੇ ਨਾਗਾਲੈਂਡ ਨੇ ਆਪਣੇ ਜੰਗਲਾਂ ਨੂੰ ਗੈਰ-ਜੰਗਲਾਤੀ ਕਾਰਜਾਂ ਲਈ ਕੱਟਿਆ ਹੀ ਨਹੀਂ। ਜੰਗਲਾਂ ਦਾ ਘਾਣ ਅਨੇਕਾਂ ਜੀਵ-ਜੰਤੂਆਂ ਦੇ ਰੈਣ ਬਸੇਰਿਆਂ ਦਾ ਖ਼ਾਤਮਾ ਕਰਦਾ ਹੈ, ਜਿਸ ਸਦਕਾ ਕੁਦਰਤ, ਇਨਸਾਨ, ਜੀਵ-ਜੰਤੂ ਇਨ੍ਹਾਂ ਸਾਰਿਆਂ ਦਾ ਸੰਤੁਲਨ ਵਿਗੜਦਾ ਹੈ। ਉਦਾਹਰਨ ਵਜੋਂ ਉੱਤਰਾਖੰਡ ਨੂੰ ਹੀ ਲੈ ਲਈਏ। ਵਾਈਲਡ ਲਾਈਫ ਕੰਜ਼ਰਵੇਸ਼ਨ ਸੁਸਾਇਟੀ ਦੇ ਤੱਥਾਂ ਅਨੁਸਾਰ 2001 ਤੋਂ 2010 ਵਿਚਕਾਰ ਉੱਤਰਾਖੰਡ ਦੇ ਲੋਕਾਂ ਉੱਤੇ 550 ਵਾਰ ਚੀਤੇ ਹਮਲੇ ਕਰ ਚੁੱਕੇ ਹਨ। ਅਜਿਹਾ ਵਰਤਾਰਾ ਜੰਗਲੀ ਜੀਵਾਂ ਅਤੇ ਮਨੁੱਖੀ ਜੀਵਨ ਦਾ ਕੁਦਰਤੀ ਸੰਤੁਲਨ ਵਿਗੜਨ ਕਾਰਨ ਹੋ ਰਿਹਾ ਹੈ। ਜੰਗਲਾਂ ਦੇ ਉਜਾੜੇ ਕਾਰਨ ਅਨੇਕਾਂ ਅਜਿਹੇ ਘਾਟੇ ਪੈ ਰਹੇ ਹਨ, ਜਿਨ੍ਹਾਂ ਵੱਲ ਆਮ ਤੌਰ 'ਤੇ ਧਿਆਨ ਹੀ ਨਹੀਂ ਦਿੱਤਾ ਜਾਂਦਾ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਮਿੱਟੀ, ਪਾਣੀ ਅਤੇ ਹਵਾ ਨੂੰ ਖੋਰਾ ਲੱਗ ਰਿਹਾ ਹੈ। ਰੁੱਖ ਨਾ ਹੋਣ ਕਾਰਨ ਮਿੱਟੀ ਉੱਤੇ ਪਕੜ ਨਹੀਂ ਰਹਿੰਦੀ ਅਤੇ ਮਿੱਟੀ ਦੇ ਖੁਰਨ ਕਾਰਨ ਫ਼ਸਲਾਂ ਦੇ ਝਾੜ ਉੱਤੇ ਮਾਰੂ ਅਸਰ ਪੈ ਰਿਹਾ ਹੈ। ਰੁੱਖਾਂ ਦੀ ਕਮੀਂ ਕਾਰਨ ਸਾਡੇ ਦੇਸ਼ ਦੀ 6000 ਮਿਲੀਅਨ (600 ਕਰੋੜ) ਟਨ ਉਪਜਾਊ ਮਿੱਟੀ ਪਾਣੀ ਨਾਲ ਖੁਰ ਕੇ ਵਹਿ ਜਾਂਦੀ ਹੈ। ਅੰਕੜਿਆਂ ਅਨੁਸਾਰ 1973 ਵਿੱਚ 700 ਕਰੋੜ, 1976 ਵਿੱਚ 889 ਕਰੋੜ ਅਤੇ ਇਹ ਅੰਕੜੇ ਤੇਜ਼ੀ ਨਾਲ ਅੱਗੇ ਵੱਧ ਦੇ ਚਲੇ ਗਏ ਅਤੇ 1977 ਵਿੱਚ ਮਿੱਟੀ ਨੂੰ ਲੱਗਿਆ ਖੋਰਾ ਦੇਸ਼ ਨੂੰ 1200 ਕਰੋੜ ਰੁਪਏ 'ਚ ਪਿਆ। ਜੇਕਰ ਇਸੇ ਗਤੀ ਨਾਲ ਜੰਗਲਾਂ ਅਤੇ ਰੁੱਖਾਂ ਦੀ ਕਟਾਈ ਜਾਰੀ ਰਹੀ ਤਾਂ ਤਕਰੀਬਨ 20 ਸਾਲਾਂ ਅੰਦਰ ਸਾਡੇ ਕੋਲ ਬਚਿਆ ਜੰਗਲਾਤ ਹੇਠਲਾ ਰਕਬਾ ਬਿਲਕੁਲ ਖ਼ਤਮ ਹੋ ਜਾਵੇਗਾ। ਪੰਜਾਬ ਦੇ ਪਾਣੀਆਂ ਦਾ ਵੱਡਾ ਹਿੱਸਾ ਪਹਿਲਾਂ ਤੋਂ ਹੀ ਪੰਜਾਬ ਦੇ ਵਿਰੋਧੀਆਂ ਦੁਆਰਾ ਪੰਜਾਬ ਦੇ ਹੱਥੋਂ ਖੋਹਿਆ ਜਾ ਚੁੱਕਾ ਹੈ। ਸਿਆਸੀ ਖਿੱਚੋਤਾਣ ਕਾਰਨ ਪੰਜਾਬ ਕੋਲ ਬਚਿਆ ਪਾਣੀ ਵੀ ਸੁਰੱਖਿਅਤ ਨਹੀਂ ਕਿਹਾ ਜਾ ਸਕਦਾ।

ਧਰਤੀ ਹੇਠਲੇ ਪਾਣੀ ਦਾ ਦਿਨੋਂ-ਦਿਨ ਹੇਠਾਂ ਜਾ ਰਿਹਾ ਪੱਧਰ ਦੇਖ ਕੇ ਅੱਜ ਪੰਜਾਬ ਦਾ ਹਰ ਨਾਗਰਿਕ ਚਿੰਤਤ ਹੈ। ਅਸੀਂ ਸਾਰੇ ਇਹ ਗੱਲ ਭਲੀਭਾਂਤ ਜਾਣਦੇ ਹਾਂ, ਕਿ ਰੁੱਖ ਲਗਾਏ ਬਿਨਾਂ ਕੁਦਰਤੀ ਸੰਤੁਲਨ ਨਹੀਂ ਬਣਾਇਆ ਜਾ ਸਕਦਾ ਹੈ, ਪਰ ਸਿਰਫ਼ ਚਿੰਤਾ ਜ਼ਾਹਿਰ ਕਰਨਾ ਜਾਂ ਸੋਸ਼ਲ ਮੀਡੀਆ 'ਤੇ ਵਿਚਾਰਕ ਹੱਲਾਸ਼ੇਰੀਆਂ ਹੀ ਕਾਫ਼ੀ ਨਹੀਂ ਹਨ। ਸਾਨੂੰ ਸਭ ਨੂੰ ਨਿੱਜੀ ਤੌਰ 'ਤੇ ਇਸ ਗੱਲ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਜੇਕਰ ਅਸੀਂ ਆਪਣੇ ਬੱਚਿਆਂ ਲਈ ਸੱਚਮੁੱਚ ਰੌਸ਼ਨ ਅਤੇ ਸੁਰੱਖਿਅਤ ਭਵਿੱਖ ਚਾਹੁੰਦੇ ਹਾਂ, ਤਾਂ ਹਰ ਹਾਲਤ ਵਿੱਚ 'ਹਰ ਮਨੁੱਖ ਲਾਵੇ - ਇਕ ਰੁੱਖ' ਦੇ ਨਾਅਰੇ ਨੂੰ ਅਮਲੀ ਜਾਮਾ ਪਹਿਨਾਉਣਾ ਹੀ ਪਵੇਗਾ। ਇੱਕ ਰੁੱਖ ਦਾ ਨਾਅਰਾ ਘੱਟੋ-ਘੱਟ ਅਤੇ ਲਾਜ਼ਮੀ ਜ਼ਿੰਮੇਵਾਰੀ ਮੰਨਿਆ ਜਾਵੇਗਾ। ਰੁੱਖ ਲਗਾਉਣ ਦੀ ਇਸ ਮੁਹਿੰਮ ਵਿੱਚ ਹਰ ਪਰਿਵਾਰ ਦੇ ਹਰ ਮੈਂਬਰ ਦੇ ਨਾਂ 'ਤੇ ਇਕ-ਇਕ ਰੁੱਖ ਲਗਾਇਆ ਜਾਵੇ। ਖ਼ਾਸ ਤੌਰ 'ਤੇ ਬੱਚਿਆਂ ਨੂੰ ਇਸ ਦੀ ਅਹਿਮੀਅਤ ਸਮਝਾਉਂਦੇ ਹੋਏ ਉਨ੍ਹਾਂ ਦੇ ਜਨਮ ਦਿਨ 'ਤੇ ਹਰ ਸਾਲ ਇਕ ਰੁੱਖ ਲਗਾਉਣ ਲਗਾਉਣ ਅਤੇ ਉਸ ਦੀ ਸੰਭਾਲ ਲਈ ਪ੍ਰੇਰਿਆ ਜਾਵੇ। ਆਓ ! ਧਰਤੀ ਨੂੰ ਕੰਕਰੀਟ ਦੇ ਜੰਗਲਾਂ ਦੀ ਥਾਂ, ਉਸ ਦੇ ਅਸਲੀ ਹਰਿਆਵਲ ਭਰੇ ਜੰਗਲਾਂ ਦਾ ਤੋਹਫ਼ਾ ਦੇਈਏ। ਇਸੇ 'ਚ ਹੀ ਸਾਡੀ ਸਭਨਾਂ ਦੀ ਭਲਾਈ ਹੈ।

------ ਬਾਕੀ ਸਫਾ 7 ਦੀ ------

# ਖੇਤੀ ਤੇ ਕਿਸਾਨੀ ਸੰਕਟ ਦੀ ਅਜੋਕੀ ਸਥਿਤੀ

ਦਿਖਾਈ ਦਿੰਦੀਆਂ ਹਨ। ਸਿੱਟੇ ਵਜੋਂ ਕਿਸਾਨ ਹਾਸ਼ੀਏ ਵੱਲ ਧੱਕੇ ਜਾ ਰਹੇ ਹਨ। ਸਰਕਾਰੀ ਸੰਸਥਾਵਾਂ, ਜਿਵੇਂ ਬੈਂਕਾਂ, ਸਹਿਕਾਰੀ ਸਭਾਵਾਂ ਆਦਿ ਕਿਸਾਨਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰਦੀਆਂ, ਇਸ ਕਰਕੇ ਕਿਸਾਨ ਨਿੱਜੀ ਸ਼ਾਹੂਕਾਰਾਂ ਅਤੇ ਆੜ੍ਹਤੀਆਂ ਕੋਲੋਂ ਵੱਧ ਵਿਆਜ ਦਰਾਂ 'ਤੇ ਉਧਾਰ ਲੈਂਦੇ ਹਨ। ਇਹ ਉਧਾਰ ਮਾਮੂਲੀ ਅਤੇ ਛੋਟੇ ਕਿਸਾਨਾਂ ਦੀ ਕਰਜ਼ਾ ਵਾਪਸੀ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਜੇ ਫਸਲ ਨਾ ਹੋਵੇ ਜਾਂ ਫਸਲ ਦਾ ਮੁੱਲ ਪੈਦਾਵਾਰ ਦੇ ਖਰਚੇ ਤੋਂ ਘੱਟ ਹੋਵੇ, ਜੋ ਕਿ ਖਾਸ ਕਰਕੇ ਪਿਛਲੇ ਦੋ ਸਾਲਾਂ ਤੋਂ ਹੋ ਰਿਹਾ ਹੈ, ਤਾਂ ਉਹ ਕਰਜ਼ਾ ਵਾਪਸ ਕਰਨ ਵਿਚ ਅਸਫਲ ਹੋ ਜਾਂਦੇ ਹਨ। ਕੋਈ ਵੀ ਕਿਸਾਨ ਏਨਾ ਦ੍ਰਿੜ ਨਹੀਂ ਹੁੰਦਾ ਕਿ ਉਸ ਨੂੰ ਉਸ ਦੀ ਮਿਹਨਤ ਅਤੇ ਨਿਵੇਸ਼ ਦਾ ਘੱਟ ਤੋਂ ਘੱਟ ਮੁੱਲ ਵੀ ਮਿਲੇਗਾ। ਖੇਤੀਬਾੜੀ ਛੋਟੇ ਤੇ ਮਾਮੂਲੀ ਕਿਸਾਨਾ ਲਈ ਘਾਟੇ ਦਾ ਸੌਦਾ ਬਣ ਗਈ ਹੈ, ਕਿਉਂਕਿ ਉਨ੍ਹਾਂ ਨੂੰ ਰੋਜ਼ਮਰਾ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਵੀ ਮੁਸ਼ਕਿਲ ਲਗਦੀਆਂ ਹਨ। ਬੱਚਿਆਂ ਦੀ ਪੜ੍ਹਾਈ, ਸਿਹਤ ਸਹੂਲਤਾਂ, ਕੱਪੜਿਆਂ, ਖਾਣ-ਪੀਣ ਅਤੇ ਬਿਜਲੀ ਆਦਿ ਦੇ ਖਰਚੇ ਮੌਜੂਦਾ ਸਾਲਾਂ ਵਿਚ ਕਾਫੀ ਵਧ ਗਏ ਹਨ।



ਭਾਵੇਂ ਕਿ ਕਿਸਾਨ ਆਪਣੇ ਬੱਚਿਆਂ ਨੂੰ ਵਧੀਆ ਸਕੂਲਾਂ ਵਿਚ ਭੇਜਣਾ ਚਾਹੁੰਦੇ ਹਨ ਪਰ ਉਹ ਉਨ੍ਹਾਂ ਦੇ ਖਰਚਾ ਚੁੱਕਣ ਦੇ ਕਾਬਿਲ ਨਹੀਂ ਹੁੰਦੇ। ਫਸਲੀ ਪੈਦਾਵਾਰ ਦੇ ਘੱਟ ਮੁੱਲ, ਵਧਦੀਆਂ ਵਿਆਜ ਦਰਾਂ, ਵੱਧਦੇ ਨਿਵੇਸ਼ ਮੁੱਲ ਅਤੇ ਵੱਧਦੇ ਪੜ੍ਹਾਈ ਤੇ ਸਿਹਤ ਦੇ ਖਰਚਿਆਂ ਤੋਂ ਇੰਝ ਪ੍ਰਤੀਤ ਹੁੰਦਾ ਹੈ, ਕਿ ਪੈਸਾ ਕਾਸ਼ਤਕਾਰਾਂ ਦੇ ਹੱਥਾਂ ਚੋਂ ਖੋਹ ਕੇ ਵਪਾਰੀਆਂ, ਸ਼ਾਹੂਕਾਰਾਂ, ਉਦਯੋਗਪਤੀਆਂ, ਨਿੱਜੀ ਵਿਦਿਅਕ ਸੰਸਥਾਵਾਂ ਆਦਿ ਨੂੰ ਦਿੱਤਾ ਜਾ ਰਿਹਾ ਹੈ।

ਵਾਤਾਵਰਨ, ਪਾਣੀ ਅਤੇ ਭੂਮੀ ਦੇ ਹੋ ਰਹੇ ਪਤਨ ਦੀ ਸੀਮਾ ਉਸ ਹੱਦ ਤੱਕ ਪਹੁੰਚ ਚੁੱਕੀ ਹੈ ਜਿੱਥੇ ਖੇਤੀਬਾੜੀ ਵਿਕਾਸ ਦਾ ਕਾਇਮ ਰਹਿਣਾ ਖਤਰੇ ਵਿਚ ਹੈ। ਜ਼ਿਆਦਾਤਰ ਛੋਟੇ ਅਤੇ ਮਾਮੂਲੀ ਕਿਸਾਨਾਂ ਨੂੰ ਕੁੱਲ ਪਰਿਵਾਰਿਕ ਆਮਦਨ ਗੈਰ-ਨਿਪੁੰਨ ਕਾਮਿਆਂ ਅਤੇ ਇੱਥੋਂ ਤੱਕ ਕਿ ਖੇਤੀਬਾੜੀ ਮਜ਼ਦੂਰਾਂ ਦੀ ਆਮਦਨ ਤੋਂ ਵੀ ਘੱਟ ਹੈ। ਇਸ ਲਈ ਇਹ ਛੋਟੇ ਕਿਸਾਨ ਖੇਤੀਬਾੜੀ ਨੂੰ ਛੱਡ ਰਹੇ ਹਨ ਅਤੇ ਦੂਜੇ ਪੇਸ਼ੇ ਅਪਨਾ ਰਹੇ ਹਨ। ਇਹ ਕਿਸਾਨ ਜੋ ਕਿ ਕਿਸੇ ਸਮੇਂ ਆਪਣੇ ਆਪ ਨੂੰ 'ਮਿੱਟੀ ਦਾ ਪੁੱਤ' ਮੰਨਦਾ ਸੀ ਅਤੇ ਉਸ ਲਈ ਜ਼ਮੀਨ ਵੇਚਣਾ ਇਕ ਹੱਤਕ ਸੀ ਹੁਣ ਉਹ ਉਪਰੋਕਤ ਦੱਸੇ ਕਾਰਨਾਂ ਕਰਕੇ ਜ਼ਮੀਨ ਵੇਚਣ ਨੂੰ ਪਹਿਲ ਦਿੰਦਾ ਹੈ। ਇਹ ਇਕ ਵੱਡਾ ਸਭਿਆਚਾਰਕ ਤੇ ਆਰਥਿਕ ਬਦਲਾਅ ਹੈ, ਜੋ ਪੇਂਡੂ ਖੇਤਰਾਂ ਵਿਚ ਪੈਦਾ ਹੋਇਆ ਹੈ। ਨੌਜਵਾਨ ਪੀੜ੍ਹੀ ਖੇਤੀ ਨੂੰ ਛੱਡ ਰਹੀ ਹੈ ਅਤੇ ਆਪਣੀ ਵਧੀਆ ਜ਼ਿੰਦਗੀ ਅਤੇ ਰੁਜ਼ਗਾਰ ਦੀ ਭਾਲ ਲਈ ਸ਼ਹਿਰੀ ਖੇਤਰ ਵੱਲ ਜਾਂ ਵਿਦੇਸ਼ ਵੱਲ ਜਾ ਰਹੀ ਹੈ। ਇਹ ਸਾਰੇ ਹਾਲਾਤ ਲਈ ਬਹੁਤ ਸਾਰੇ ਸਮਾਜਿਕ ਅਤੇ ਢਾਂਚਾਗਤ ਕਾਰਨ ਜ਼ਿੰਮੇਵਾਰ ਹਨ, ਜਿਵੇਂ ਕਿ : ਲਾਹੇਵੰਦ ਮੁੱਲਾਂ ਦੀ ਕਮੀ, ਕਰਜ਼ਾ, ਸਰਕਾਰ ਦੁਆਰਾ ਖੇਤੀਬਾੜੀ ਨੂੰ ਨਜ਼ਰ ਅੰਦਾਜ਼ ਕਰਨਾ, ਜਨਤਕ ਨਿਵੇਸ਼ ਵਿਚ ਗਿਰਾਵਟ, ਜ਼ਿਆਦਾ ਅੰਤਰਗਾਮੀ ਮੁੱਲਾਂ 'ਤੇ ਭਾਰੀ ਨਿਰਭਰਤਾ, ਕਾਸ਼ਤਕਾਰੀ ਦੇ ਵਧ ਰਹੇ ਮੁੱਲ, ਫਸਲ ਦੇ ਉਤਪਾਦਨ 'ਚ ਪਰਿਵਰਤਨਸ਼ੀਲਤਾ, ਮੰਡੀ ਦੀ ਮਨਮਾਨੀ, ਸਾਂਝੇ ਪਰਿਵਾਰਾਂ ਦਾ ਟੁੱਟਣਾ ਅਤੇ ਨਿੱਜੀਕਰਨ ਦੀਆਂ ਨੀਤੀਆਂ। ਜਿਸ ਨੇ ਸਮੇਂ ਤੋਂ ਪਹਿਲਾਂ ਹੀ ਭਾਰਤੀ ਖੇਤੀਬਾੜੀ ਨੂੰ ਵਿਸ਼ਵ ਮੰਡੀਆਂ ਵਿਚ ਧੱਕ ਦਿੱਤਾ ਹੈ। ਸਮਾਜਿਕ ਰੁਤਬੇ ਦਾ ਖੁਸ ਜਾਣਾ, ਆਮਦਨ ਦੀ ਅਨਿਸਚਤਤਾ, ਨਾ ਖਤਮ ਹੋਣ ਵਾਲਾ ਕਰਜ਼ਾ, ਨਾ ਪੂਰੀਆਂ ਹੋਣ ਵਾਲੀਆਂ ਲੋੜਾਂ ਅਤੇ ਉਨ੍ਹਾਂ ਦੀ ਆਰਥਿਕ ਹਾਲਤ ਲਈ ਜ਼ਿੰਮੇਵਾਰ ਕਾਰਨਾਂ ਨੂੰ ਵਾਚਣ ਦੀ ਯੋਗਤਾ ਹੀ ਇਨ੍ਹਾਂ ਕਿਸਾਨਾਂ ਨੂੰ ਇਸ ਮਹੱਤਵਪੂਰਨ ਕਿਸਾਨੀ ਲਹਿਰ ਦਾ ਹਿੱਸਾ ਬਣਨ ਲਈ ਪ੍ਰੇਰ ਰਹੇ ਹਨ।

ਇਸ ਸਮੇਂ ਪੰਜਾਬ ਵਿਚ ਦੋ ਵੱਡੀਆਂ ਕਿਸਾਨ ਧਿਰਾਂ (ਰਾਜਨੀਤਕ ਤੇ ਗੈਰ-ਰਾਜਨੀਤਕ) ਆਪਣੇ-ਆਪਣੇ ਤਰੀਕੇ ਨਾਲ ਅੰਦੋਲਨ ਕਰ ਰਹੀਆਂ ਹਨ। ਜਿਸ ਦਾ ਰਾਜਨੀਤਕ ਅਸਰ ਪੰਜਾਬ ਵਿਚ ਆਉਣ ਵਾਲੇ ਸਮੇਂ ਵਿਚ ਵੱਖਰੇ ਰੂਪ ਵਿਚ ਦਿਖਾਈ ਦੇਣ ਦੀ ਸੰਭਾਵਨਾ ਹੈ। ਇਕ ਧਿਰ ਵੱਲੋਂ ਲੰਮੇ ਸਮੇਂ ਤੋਂ ਪੰਜਾਬ ਤੇ ਹਰਿਆਣੇ ਨਾਲ ਲੱਗਦੀਆਂ ਸਰਹੱਦਾਂ 'ਤੇ ਦਿੱਤੇ ਜਾ ਰਹੇ ਸਨ, ਜਿਨ੍ਹਾਂ ਨੂੰ ਪੰਜਾਬ ਸਰਕਾਰ ਨੇ ਪੁਲਿਸ ਦੀ ਸਹਾਇਤਾ ਨਾਲ ਉਖਾੜ ਦਿੱਤਾ ਹੈ। ਇਨ੍ਹਾਂ ਧਰਨਿਆਂ ਦਾ ਅਸਰ ਪਹਿਲਾਂ ਹੀ ਹਰਿਆਣੇ ਤੇ ਦਿੱਲੀ ਦੀ ਰਾਜਨੀਤੀ ਵਿਚ ਦਿਖਾਈ ਦਿੱਤਾ ਹੈ। ਇਨ੍ਹਾਂ ਰਾਜਾਂ ਦੇ ਲੋਕਾਂ ਦੀ ਕਿਸਾਨਾਂ ਬਾਰੇ ਰਾਏ ਕੁਝ ਹੱਦ ਤੱਕ ਨਾਂਹ-ਪੱਖੀ ਢੰਗ ਨਾਲ ਪ੍ਰਭਾਵਿਤ ਹੋਈ ਹੈ, ਜਿਸ ਦਾ ਅਸਰ ਆਉਣ ਵਾਲੇ ਸਮੇਂ 'ਚ ਪੰਜਾਬ ਵਿਚ ਵੀ ਦੇਖਣ ਨੂੰ ਮਿਲੇਗਾ। ਮੌਜੂਦਾ ਚੱਲ ਰਹੇ ਕਿਸਾਨ ਅੰਦੋਲਨਾਂ ਪ੍ਰਤੀ ਪੰਜਾਬ ਸਰਕਾਰ ਦਾ ਵਰਤਾਓ ਪੰਜਾਬ ਤੇ ਦਿੱਲੀ ਦੀ ਰਾਜਨੀਤੀ ਦੀ ਇਕ ਝਲਕ ਹੈ। ਇਵੇਂ ਲੱਗਦਾ ਹੈ ਕਿ ਸਰਕਾਰਾਂ ਨੇ ਲਾਭ ਲਈ ਨਵੇਂ ਤਰੀਕੇ ਲੱਭ ਲਏ ਹਨ ਤੇ ਕਈ ਵਾਰੀ ਉਹ ਅਜਿਹੇ ਕਿਸਾਨ ਅੰਦੋਲਨਾਂ ਨੂੰ ਆਪਣੇ ਰਾਜਸੀ ਮੰਤਵ ਦੀ ਪੂਰਤੀ ਲਈ ਵਰਤ ਸਕਦੇ ਹਨ, ਜਿਸ ਦੀਆਂ ਉਦਾਹਰਣਾਂ ਹੁਣੇ ਹੋਈਆਂ ਹਰਿਆਣਾ ਦੇ ਦਿੱਲੀ ਦੀਆਂ ਚੋਣਾਂ ਹਨ। ਇਸ ਦੇ ਸੰਦਰਭ ਵਿਚ ਕਿਸਾਨ ਅੰਦੋਲਨ ਦੇ ਨੇਤਾਵਾਂ ਨੂੰ ਵੀ ਰਾਜਨੀਤਕ ਤੌਰ 'ਤੇ ਜ਼ਿਆਦਾ ਚੌਕਸ ਹੋਣ ਦੀ ਲੋੜ ਹੈ, ਤਾਂ ਕਿ ਕਿਸਾਨ ਅੰਦੋਲਨ ਦੀ ਸਾਰਥਿਕਤਾ ਤੇ ਲੋਕ ਮੁੱਦਿਆਂ ਦੀ ਪਹਿਲ ਬਣੀ ਰਹੇ।

### ਗੰਨੇ ਦੀ ਫਸਲ ਤੋਂ ਵਧੇਰੇ ਮੁਨਾਫਾ ਲੈਣ ਲਈ

# ਕੀੜੇ-ਮਕੌੜੇ ਅਤੇ ਰੋਗ ਰਹਿਤ ਗੰਨੇ ਦਾ ਉਤਪਾਦਨ

ਅਨੁਰਾਧਾ, ਲੇਨਿਕਾ ਕਸ਼ਯਪ ਅਤੇ ਪਰਮਿੰਦਰ ਕੌਰ,
ਖੇਤੀ ਖੋਜ ਕੇਂਦਰ, ਕਪੂਰਥਲਾ



**ਕਮਾਦ ਪੰਜਾਬ ਦੀ ਇੱਕ ਮਹੱਤਵਪੂਰਨ ਖੇਤੀ ਉਦਯੋਗਿਕ ਫਸਲ ਹੈ । ਜਿਸ ਦੀ 75 ਪ੍ਰਤੀਸ਼ਤ ਵਰਤੋਂ ਖੰਡ ਬਣਾਉਣ ਲਈ ਕੀਤੀ ਜਾਂਦੀ ਹੈ । ਪੰਜਾਬ ਵਿੱਚ ਇਸ ਦੀ ਖੇਤੀ ਤਕਰੀਬਨ 92 ਹਜ਼ਾਰ ਹੈਕਟੇਅਰ ਖੇਤਰ ਵਿੱਚ ਕੀਤੀ ਜਾਂਦੀ ਹੈ ਅਤੇ ਇਸਦਾ ਔਸਤਨ ਝਾੜ 294 ਕੁਇੰਟਲ ਪ੍ਰਤੀ ਏਕੜ ਹੈ । ਗੰਨੇ ਦੀ ਫਸਲ ਤਕਰੀਬਨ 10-14 ਮਹੀਨੇ ਖੇਤ ਵਿੱਚ ਰਹਿੰਦੀ ਹੈ ਅਤੇ ਇਸ ਨਾਲ ਵੱਖ-ਵੱਖ ਸਮੇਂ ਤੇ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਹਮਲਾ ਹੁੰਦਾ ਹੈ । ਕੀੜਿਆਂ ਦੇ ਹਮਲੇ ਦੇ ਨਾਲ ਗੰਨੇ ਦਾ ਝਾੜ 15-20 ਪ੍ਰਤੀਸ਼ਤ ਘੱਟ ਜਾਂਦਾ ਹੈ ਅਤੇ ਖੰਡ ਦੀ ਪ੍ਰਾਪਤੀ 1.7-3.07 ਘੱਟ ਜਾਂਦੀ ਹੈ ਅਤੇ ਇਸੇ ਤਰ੍ਹਾਂ ਬਿਮਾਰੀਆਂ ਨਾਲ ਦੀ ਕਮਾਦ ਦੀ ਝਾੜ (10-15 ਪ੍ਰਤੀਸ਼ਤ) ਅਤੇ ਖੰਡ ਦੀ ਪ੍ਰਾਪਤੀ (2 ਪ੍ਰਤੀਸ਼ਤ) ਘੱਟ ਜਾਂਦੀ ਹੈ । ਕੀੜੇ ਮਕੌੜੇ ਅਤੇ ਬਿਮਾਰੀਆਂ ਦੀ ਰੋਕਥਾਮ ਨਾਲ ਫਸਲ ਦੇ ਝਾੜ ਅਤੇ ਖੰਡ ਦੀ ਪ੍ਰਾਪਤੀ ਵਿੱਚ ਵਾਧਾ ਲਿਆਉਣ ਲਈ ਹੇਠ ਲਿਖੇ ਨੁਸਖਿਆਂ ਨੂੰ ਅਪਨਾਉਣਾ ਬਹੁਤ ਹੀ ਲਾਹੇਵੰਦ ਹੈ ।**

## ਗੰਨੇ ਦੇ ਕੀੜੇ-ਮਕੌੜੇ

**ਸਿਉਂਕ (Termite)** : ਸਿਉਂਕ ਦਾ ਹਮਲਾ ਅਪ੍ਰੈਲ ਤੋਂ ਜੂਨ ਵਿੱਚ ਹੁੰਦਾ ਹੈ । ਜੋ ਕਿ ਪਾਣੀ ਦੀ ਕਮੀਂ ਅਤੇ ਰੇਤਲੀ ਜ਼ਮੀਨਾਂ ਵਿੱਚ ਜ਼ਿਆਦਾ ਹੁੰਦਾ ਹੈ । ਇਸ ਦਾ ਹਮਲਾ ਬਿਜਾਈ ਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ । ਇਹ ਜੰਮ ਰਹੇ ਬੂਟਿਆਂ ਨੂੰ ਨੁਕਸਾਨ ਕਰਦੀ ਹੈ ਅਤੇ ਉੱਗ ਰਹੇ ਛੋਟੇ ਬੂਟਿਆਂ ਨੂੰ ਵੀ ਸੁਕਾ ਦਿੰਦੀ ਹੈ ।

**ਇਸ ਦੀ ਰੋਕਥਾਮ ਲਈ** :

★ ਸਿਰਫ ਗਲੀ ਸੜੀ ਰੂੜੀ ਦੀ ਵਰਤੋਂ ਕਰੋ ।

★ ਖੇਤ ਵਿੱਚ ਖੋਰੀ ਅਤੇ ਘਾਹ ਕੱਢ ਦਿਉ ।

★ ਦੋ ਲਿਟਰ ਲਿੰਡੇਨ / ਕੈਨੋਡਾਨ / ਮਾਰਕਡੇਨ / ਗ੍ਰਮੈਕਸ 20 ਈ ਸੀ (ਗਾਮਾ ਬੀ ਐਚ ਸੀ) 500 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਸਿਆੜਾਂ ਵਿੱਚ ਪਈਆਂ ਗੁੱਲੀਆਂ ਉੱਪਰ ਛਿੜਕੋ ਜਾਂ 10 ਕਿਲੋ ਰੀਜੈਂਟ 0.3 ਜੀ (ਫਿਪਰੋਨਿਲ) ਜਾਂ 7.5 ਕਿਲੋ ਸੇਵੀਡੋਲ 4:4 ਜੀ (ਗਾਮਾ ਬੀ ਐਚ ਸੀ+ ਕਾਰਬਰਿਲ) ਪ੍ਰਤੀ ਏਕੜ ਦੀ ਵਰਤੋਂ ਕਰੋ ਅਤੇ ਬਾਅਦ ਵਿੱਚ ਸੁਹਾਗਾ ਫੇਰ ਕੇ ਗੁਲੀਆਂ ਨੂੰ ਢੱਕ ਦਿਓ ।

★ ਫਸਲ ਦਾ ਜੰਮ ਪੂਰਾ ਹੋਣ ਤੋਂ ਬਾਅਦ (ਬਿਜਾਈ ਤੋਂ 45 ਦਿਨਾਂ ਪਿਛੋਂ) 10 ਕਿਲੋ ਰੀਜੈਂਟ/ਮੋਰਟੈਲ 0.3 ਜੀ (ਫਿਪਰੋਨਿਲ) ਜਾਂ 10 ਕਿਲੋ ਪਦਾਨ / ਕੈਲਡਾਨ / ਕਰੀਟਪ 4 ਜੀ ਦੇ ਕੈਪਸੂਲਾਂ ਨੂੰ 20 ਕਿਲੋ ਮਿੱਟੀ / ਰੇਤਾ ਵਿੱਚ ਮਿਲਾ ਕੇ ਜਾਂ 45 ਮਿਲੀਲਿਟਰ ਇਮਿਡਾਗੋਲਡ 17.8 ਐਸ ਐਲ (ਇਮਿਡਾਕਲੋਪਰਿਡ) ਜਾਂ 2 ਲਿਟਰ ਡਰਮਟ / ਕਲਾਸਿਕ / ਡਰਸਬਾਨ ਮਾਰਕਪਾਈਰੀਫਾਸ 20 ਈ ਸੀ (ਕਲੋਰਪਾਈਰੀਫਾਸ) ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਉ ਅਤੇ ਹਲਕੀ ਮਿੱਟੀ ਚੜ੍ਹਾ ਕੇ ਪਤਲਾ ਪਾਣੀ ਦਿਓ ।

**ਅਗੇਤੀ ਫੋਟ ਦਾ ਗੜੂੰਆਂ (Early Shoot Borer)** : ਇਹ ਕੀੜਾ ਅਪ੍ਰੈਲ ਤੋਂ ਜੂਨ ਵਿੱਚ ਹਮਲਾ ਕਰਦਾ ਹੈ ਅਤੇ ਗਰਮੀ ਦੇ ਮੌਸਮ ਵਿੱਚ ਇਸ ਦਾ ਹਮਲਾ ਜ਼ਿਆਦਾ ਹੁੰਦਾ ਹੈ । ਇਸ ਦੇ ਕਾਰਨ ਗੰਨੇ ਦੀ ਗੋਭ ਸੁੱਕ ਜਾਂਦੀ ਹੈ । ਜੋ ਕਿ ਆਸਾਨੀ ਨਾਲ ਖਿੱਚੀ ਜਾ ਸਕਦੀ ਅਤੇ ਬਦਬੂ ਮਾਰਦੀ ਹੈ ।

**ਇਸ ਦੀ ਰੋਕਥਾਮ ਲਈ** :

★ ਫਸਲ ਕੁਝ ਅਗੇਤੀ ਬੀਜੋ (ਅੱਧ ਮਾਰਚ ਤੋਂ ਪਹਿਲਾਂ) ।

★ ਕਮਾਦ ਦੀ ਬਿਜਾਈ ਸਮੇਂ, 10 ਕਿਲੋ ਰੀਜੈਂਟ/ਮੋਰਟੈਲ/ਰਿਪਨ 0.3 ਜੀ (ਫਿਪਰੋਨਿਲ) ਦਾਣੇਦਾਰ ਦਵਾਈ ਪਾਉ ਅਤੇ ਬਾਅਦ ਵਿੱਚ ਸੁਹਾਗਾ ਫੇਰ ਕੇ ਗੁੱਲੀਆਂ ਢੱਕ ਦਿਉ ਜਾਂ ਫਸਲ ਦਾ ਜੰਮ ਪੂਰਾ ਹੋਣ ਤੋਂ ਬਾਅਦ (ਬਿਜਾਈ ਤੋਂ 45 ਦਿਨਾਂ ਬਾਅਦ) 10 ਕਿਲੋ ਪਾਦਾਨ / ਕੈਲਡਾਨ / ਕਰੀਟਪ 4 ਜੀ ਜਾਂ 10 ਕਿਲੋ ਰੀਜੈਂਟ / ਮੋਰਟੈਲ / ਰਿਪਨ 0.3 ਜੀ (ਫਿਪਰੋਨਿਲ) ਨੂੰ 20 ਕਿਲੋ ਗਿੱਲ੍ਹੀ ਮਿੱਟੀ/ਰੇਤ ਵਿੱਚ ਮਿਲਾ ਕੇ ਜਾਂ 150 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਨਟਰੈਨੀਲੀਪਰੋਲ) ਜਾਂ 45 ਮਿਲੀਲਿਟਰ ਇਮਿਡਾਗੋਲਡ 17.8 ਐਸ ਐਲ (ਇਮਿਡਾਕਲੋਪਰਿਡ) ਜਾਂ 2 ਲਿਟਰ ਡਰਮਟ ਕਲਾਸਿਕ / ਡਰਸਬਾਨ / ਮਾਰਕ ਪਾਈਰੀਫਾਸ 20 ਈ ਸੀ (ਕਲੋਰੋਪਾਈਰੀਫਾਸ) ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਫੁਆਰੇ ਨਾਲ ਗੰਨੇ ਦੀਆਂ ਕਤਾਰਾਂ ਦੇ ਨਾਲ ਪਾਉ ਅਤੇ ਹਲਕੀ ਮਿੱਟੀ ਚੜ੍ਹਾ ਕੇ ਪਤਲਾ ਪਾਣੀ ਦਿਓ ।

★ ਟਰਾਈਕੋਗਰਾਮਾ ਕਿਲੋਨਸ (ਮਿੱਤਰ ਕੀੜੇ) ਰਾਹੀਂ ਸੱਤ ਦਿਨ ਪਹਿਲਾਂ ਪ੍ਰਜੀਵੀ ਕਿਰਿਆ ਕੀਤੇ ਕੋਰਸਾਇਰਾ ਦੇ ਤਕਰੀਬਨ 20,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਅੱਧ ਅਪ੍ਰੈਲ ਤੋਂ ਜੂਨ ਅਖੀਰ ਤੱਕ 10 ਦਿਨਾਂ ਦੇ ਫਰਕ ਨਾਲ ਵਰਤੋ ।



ਇਹ ਅੰਡੇ ਤਕਰੀਬਨ 10×15 ਸੈਂਟੀਮੀਟਰ ਵਾਲੇ ਕਾਰਡਾਂ ਉੱਪਰ ਲਗਾਏ ਜਾਂਦੇ ਹਨ । ਇਨ੍ਹਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿੱਚ ਇਸ ਤਰ੍ਹਾਂ ਕੱਟੋ ਕਿ ਹਰ ਹਿੱਸੇ ਉੱਪਰ ਤਕਰੀਬਨ 500 ਅੰਡੇ ਹੋਣ । ਇਨ੍ਹਾਂ ਹਿੱਸਿਆਂ ਨੂੰ ਪੱਤਿਆਂ ਦੇ ਹੇਠਲੇ ਪਾਸੇ ਇੱਕ ਏਕੜ ਵਿੱਚ ਬਰਾਬਰ ਦੂਰੀ ਤੇ 40 ਥਾਂਵਾਂ ਤੇ ਸ਼ਾਮ ਵੇਲੇ ਨੱਥੀ ਕਰੋ । ਇਹ ਕਿਰਿਆ 8 ਵਾਰ ਦੁਹਰਾਉਣ ਦੀ ਲੋੜ ਪੈਂਦੀ ਹੈ । ਇਹ ਕਾਰਡ ਮੀਂਹ ਵਾਲੇ ਦਿਨ ਵਰਤਣੇ ਚਾਹੀਦੇ ਹਨ ।

**ਆਗ ਦਾ ਗੜੂੰਆਂ (Top Borer)** : ਇਹ ਕੀੜਾ ਮਾਰਚ ਤੋਂ ਅਕਤੂਬਰ ਤੱਕ ਹਮਲਾ ਕਰਦਾ ਹੈ ਪਰ ਜੁਲਾਈ ਅਗਸਤ ਦੌਰਾਨ ਬਹੁਤ ਹਾਨੀਕਾਰਕ ਹੁੰਦਾ ਹੈ । ਇਸਦੇ ਹਮਲੇ ਕਰਕੇ ਗੰਨੇ ਦੇ ਸਿਰੇ ਤੇ ਗੋਭ ਵਾਲਾ ਪੱਤਾ ਸੁੱਕ ਜਾਂਦਾ ਹੈ ਅਤੇ ਕਾਲੇ ਰੰਗ ਦਾ ਹੋ ਜਾਂਦਾ ਹੈ । ਇਸ ਦੇ ਹਮਲੇ ਦੀਆਂ ਹੋਰ ਨਿਸ਼ਾਨੀਆਂ ਵੀ ਹੁੰਦੀਆਂ ਹਨ ਕਿ ਇਹ ਆਗ ਵਿੱਚ ਮੋਰੀਆਂ ਕਰ ਦਿੰਦਾ ਹੈ, ਪੱਤੇ ਦੀ ਰੀੜ੍ਹ ਤੇ ਉਪਰਲੇ ਸਿਰੇ ਵੱਲ ਚਿੱਟੀਆਂ ਜਾਂ ਲਾਲ ਧਾਰੀਆਂ ਪੈ ਜਾਂਦੀਆਂ ਹਨ ਅਤੇ ਗੰਨਾ ਛਾਂਗਾ ਹੋ ਜਾਂਦਾ ਹੈ ।

**ਇਸ ਦੀ ਰੋਕਥਾਮ ਲਈ** : ★ਇਸ ਕੀੜੇ ਦੇ ਭੰਬਟ ਅਤੇ ਅੰਡੇ ਇਕੱਠੇ ਕਰਕੇ ਨਸ਼ਟ ਕਰ ਦਿਉ ।

★ ਹਮਲੇ ਵਾਲੇ ਪੜਸੂਏ ਅਪ੍ਰੈਲ ਅਤੇ ਜੂਨ ਦੇ ਦੌਰਾਨ ਕੱਟੋ ।

ਟਰਾਈਕੋਗਰਾਮਾ ਜਪੋਨੀਕਮ (ਮਿੱਤਰ ਕੀੜੇ) ਰਾਹੀਂ ਸੱਤ ਦਿਨ ਪਹਿਲਾਂ ਪ੍ਰਜੀਵੀ ਕਿਰਿਆ ਅਤੇ ਕੋਰਸਾਇਰਾ ਦੇ ਤਕਰੀਬਨ 20,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਅੱਧ ਅਪ੍ਰੈਲ ਤੋਂ ਜੂਨ ਅਖੀਰ ਤੱਕ 10 ਦਿਨ ਦੇ ਫਰਕ ਨਾਲ ਵਰਤੋਂ ।

★ ਜੂਨ ਦੇ ਆਖਰੀ ਹਫਤੇ ਜਾਂ ਜੁਲਾਈ ਦੇ ਪਹਿਲੇ ਹਫਤੇ (ਜੇਕਰ ਹਮਲਾ 5% ਤੋਂ ਵੱਧ ਹੋਵੇ), ਪ੍ਰਤੀ ਏਕੜ ਦੇ ਹਿਸਾਬ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿਲੋ ਫਿਊਰਾਡਾਨ / ਡਾਈਫਿਊਰਾਨ / ਫਿਊਰਾਕਾਰਬ / ਕਾਰਬੋਸਿਲ / ਫਿਊਰੀ 3 ਜੀ ਦੇ ਕੈਪਸੂਲ (ਕਾਰਬੋਫੂਰਾਨ) ਦੇ ਕੈਪਸੂਲ ਨੂੰ ਸ਼ਾਖਾ ਦੇ ਮੁੱਢਾਂ ਨੇੜੇ ਪਾਉ ਅਤੇ ਮੁੱਢਾਂ ਨੂੰ ਹਲਕੀ ਮਿੱਟੀ ਚਾੜ੍ਹ ਕੇ ਖੇਤ ਨੂੰ ਪਾਣੀ ਲਾ ਦਿਉ ।

**ਤਣੇ ਦਾ ਗੜੂੰਆਂ (Stalk Borer)** : ਇਹ ਕੀੜਾ ਸਾਰਾ ਸਾਲ ਹੀ ਸਰਗਰਮ ਰਹਿੰਦਾ ਹੈ । ਇਸ ਕੀੜੇ ਦੀਆਂ ਸੁੰਡੀਆਂ ਸਰਦੀਆਂ ਵਿੱਚ ਨਵੇਂ ਪੜਸੂਇਆਂ ਜਾਂ ਮੁੱਢਾਂ ਵਿੱਚ ਰਹਿੰਦੀਆਂ ਹਨ । ਇਨ੍ਹਾਂ ਦਾ ਹਮਲਾ ਅਪ੍ਰੈਲ, ਮਈ ਅਤੇ ਜੂਨ ਵਿੱਚ ਕੁੱਝ ਘੱਟ ਹੁੰਦਾ ਹੈ, ਪਰ ਜੁਲਾਈ ਵਿੱਚ ਵੱਧ ਜਾਂਦਾ ਹੈ । ਅਕਤੂਬਰ ਅਤੇ ਨਵੰਬਰ ਵਿੱਚ ਇਹ ਸਭ ਤੋਂ ਵੱਧ ਸਰਗਰਮ ਹੁੰਦਾ ਹੈ । ਇਸ ਕੀੜੇ ਦੀਆਂ ਬਾਹਰਲੀਆਂ ਕੋਈ ਨਿਸ਼ਾਨੀਆਂ ਨਹੀਂ ਹਨ । ਇਹ ਕੀੜੇ ਦੀਆਂ ਸੁੰਡੀਆਂ ਨੂੰ ਤਣੇ ਵਿੱਚ ਵੜਨ ਅਤੇ ਨਿਕਲਣ ਵਾਲੀਆਂ ਮੋਰੀਆਂ ਕੇਵਲ ਗੰਨਾ ਛਿੱਲ ਕੇ ਹੀ ਵੇਖੀਆਂ ਜਾ ਸਕਦੀਆਂ ਹਨ । ਇੱਕ ਸੁੰਡੀ ਕਈਂ ਵਾਰ ਤਿੰਨ ਗੰਢਾਂ ਦਾ ਨੁਕਸਾਨ ਕਰ ਦਿੰਦੀ ਹੈ ਅਤੇ ਗੰਨੇ ਉੱਪਰ ਕਈਂ ਥਾਂਵਾਂ ਤੇ ਹਮਲਾ ਕਰਦੀ ਹੈ । ਗੰਭੀਰ ਹਮਲੇ ਦੀ ਸੂਰਤ ਵਿੱਚ ਗੰਨੇ ਦੇ ਝਾੜ ਅਤੇ ਮਿਠਾਸ ਵਾਲੇ ਤੱਤਾਂ ਤੇ ਬਹੁਤ ਅਸਰ ਪੈਂਦਾ ਹੈ ।

**ਇਸ ਦੀ ਰੋਕਥਾਮ ਲਈ** : ★ ਹਮਲੇ ਵਾਲੇ ਖੇਤ ਵਿੱਚੋਂ ਬੀਜ ਨਾ ਲਓ ।

★ 40 ਟਰਾਈਕੋਕਾਰਡ ਦੇ (5×2 ਸੈਂਟੀਮੀਟਰ) ਜਿਸ ਉੱਪਰ 7 ਦਿਨ ਪਹਿਲਾਂ ਟਰਾਈਕੋਗਰਾਮਾ ਕਿਲੋਨਸ ਰਾਹੀਂ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ ਅੰਡੇ ਗੂੰਦ ਨਾਲ ਲਗਾਏ ਹੁੰਦੇ ਹਨ, ਗੰਨੇ ਦੇ ਪੱਤਿਆਂ ਦੇ ਹੇਠਲੇ ਪਾਸੇ ਜੁਲਾਈ ਤੋਂ ਅਕਤੂਬਰ ਦੌਰਾਨ 10 ਦਿਨ ਦੇ ਫਰਕ ਨਾਲ ਨੱਥੀ ਕਰੋ । ਹਰ ਇੱਕ ਟੁਕੜੇ ਤੇ ਲਗਭਗ 500 ਪ੍ਰਜੀਵੀ ਕਿਰਿਆ ਵਾਲੇ ਅੰਡੇ ਲੱਗੇ ਹੋਣੇ ਚਾਹੀਦੇ ਹਨ ਅਤੇ ਇਹ ਟੁਕੜੇ ਇੱਕ ਏਕੜ ਵਿੱਚ 40 ਥਾਂਵਾਂ ਤੇ ਨੱਥੀ ਕਰੋ । ਆਮ ਹਾਲਤਾਂ ਵਿੱਚ ਇਹ ਕਿਰਿਆ 10 ਤੋਂ 12 ਵਾਰ ਦੁਹਰਾਈ ਜਾਣ ਦੀ ਲੋੜ ਪੈਂਦੀ ਹੈ ।

★ ਫਸਲ ਕੱਟਣ ਵੇਲੇ ਸਾਰੇ ਪੜਸੂਏ ਵੀ



ਕੱਟ ਦਿਉ । ਇਸ ਕੀੜੇ ਦੀ ਮਾਰ ਵਾਲੀ ਫਸਲ ਮੂਢਾ ਨਾ ਰੱਖੋ ।

★ ਫਸਲ ਕੱਟ ਕੇ ਖੇਤ ਵਾਹੋ ਅਤੇ ਮੁੱਢ ਵਗੈਰਾ ਇਕੱਠੇ ਕਰਕੇ ਨਸ਼ਟ ਕਰ ਦਿਓ ।

**ਕਾਲਾ ਖਟਮਲ (Black Bug)** : ਹਮਲੇ ਵਾਲੀ ਫਸਲ ਪੀਲੀ ਹੋ ਜਾਂਦੀ ਹੈ । ਇਹ ਕੀੜਾ ਪਹਿਲਾਂ ਗੁਲਾਬੀ ਅਤੇ ਫਿਰ ਕਾਲੇ ਰੰਗ ਦਾ ਹੋ ਜਾਂਦਾ ਹੈ । ਇਹ ਦੋਹਾਂ ਹਾਲਤਾਂ ਵਿੱਚ ਹੀ ਪੱਤੇ ਦਾ ਰਸ ਚੂਸਦਾ ਹੈ ਅਤੇ ਅਪ੍ਰੈਲ, ਮਈ ਅਤੇ ਜੂਨ ਵਿੱਚ ਬਹੁਤ ਸਰਗਰਮ ਹੁੰਦਾ ਹੈ ।

**ਰੋਕਥਾਮ** ★ ਇਸ ਦੀ ਰੋਕਥਾਮ ਲਈ 350 ਮਿਲੀਲਿਟਰ ਡਰਸਬਾਨ / ਲੀਥਲ / ਮਾਸਬਾਨ / ਗੋਲਡਬਾਨ 20 ਈ ਸੀ (ਕਲੋਰਪਾਈਰੀਫਾਸ) ਨੂੰ 400 ਲਿਟਰ ਪਾਣੀ ਵਿੱਚ ਘੋਲ ਕੇ ਹੱਥ ਵਾਲੇ ਸਪਰੇਅ ਪੰਪ ਨਾਲ ਪ੍ਰਤੀ ਏਕੜ ਦਾ ਹਿਸਾਬ ਛਿੜਕਾਅ ਕਰੋ । ਸਪਰੇਅ ਦਾ ਰੁੱਖ ਪੱਤਿਆਂ ਦੀ ਗੋਭ ਵੱਲ ਰੱਖੋ ।

**ਚਿੱਟੀ ਮੱਖੀ (Whitefly)** : ਇਸ ਕੀੜੇ ਦਾ ਹਮਲੇ ਨਾਲ ਅਗਸਤ-ਅਕਤੂਬਰ ਦੇ ਮਹੀਨੇ ਹਮਲੇ ਵਾਲੀ ਫਸਲ ਪੀਲੀ ਨਜ਼ਰ ਆਉਂਦੀ ਹੈ । ਪੱਤਿਆਂ ਦਾ ਰੰਗ ਉੱਲੀ ਲੱਗਣ ਕਾਰਨ ਕਾਲਾ ਹੋ ਜਾਂਦਾ ਹੈ । ਪੱਤਿਆਂ ਦੇ ਹੇਠਲੇ ਪਾਸੇ ਮੱਖੀ ਦੇ ਛੋਟੇ-ਛੋਟੇ ਬੱਚੇ ਬਹੁਤ ਗਿਣਤੀ ਵਿੱਚ ਲੱਗੇ ਹੁੰਦੇ ਹਨ ਅਤੇ ਪੱਤਿਆਂ ਦਾ ਰਸ ਚੂਸਦੇ ਹਨ ।

**ਰੋਕਥਾਮ** : ★ ਚਿੱਟੀ ਮੱਖੀ ਦੀ ਰੋਕਥਾਮ ਲਈ 40 ਮਿਲੀਲਿਟਰ ਕੋਨਫੀਡੋਰ 200 ਐਸ ਐਲ (ਇਮੀਡਾਕਲੋਪਰਿਡ) ਪ੍ਰਤੀ ਏਕੜ ਛਿੜਕੋ । ਘੋਲ ਬਣਾਉਣ ਲਈ 150 ਲਿਟਰ ਪਾਣੀ ਵਰਤੋ ਅਤੇ ਛਿੜਕਾਅ ਹੱਥ ਵਾਲੇ ਸਪਰੇਅ ਪੰਪ ਨਾਲ ਕਰੋ ।

## ਗੰਨੇ ਦੀਆਂ ਬਿਮਾਰੀਆਂ

**ਰੱਤਾ ਰੋਗ** : ਇਹ ਰੋਗ ਇੱਕ ਉੱਲੀ ਕਰਕੇ ਹੁੰਦਾ ਹੈ । ਇਹ ਬਿਮਾਰੀ ਮੁੱਖ ਤੌਰ ਤੇ ਰੋਗੀ ਬਰੋਟਿਆਂ ਨਾਲ ਹੁੰਦੀ ਹੈ । ਇਹ ਬਿਮਾਰੀ ਜੁਲਾਈ ਤੋਂ ਫਸਲ ਦੀ ਕਟਾਈ ਤੱਕ ਮਾਰ ਕਰਦੀ ਹੈ । ਇਹ ਬਿਮਾਰੀ ਮੁੱਖ ਤੌਰ ਤੇ ਗੰਨੇ ਦੀ ਹੈ ਹਾਲਾਂਕਿ ਇਹ ਪੱਤਿਆਂ ਤੇ ਵੀ ਅਸਰ ਕਰਦੀ ਹੈ । ਸ਼ੁਰੂਆਤੀ ਨਿਸ਼ਾਨੀਆਂ ਵਿਚ ਸਿਰੇ ਵਾਲੇ ਪੱਤਿਆਂ ਦਾ ਰੰਗ ਬਦਲ ਕੇ ਪੀਲਾ ਪੈ ਜਾਂਦਾ ਹੈ ਅਤੇ ਫਿਰ ਸਾਰੇ ਪੱਤੇ ਮੁਰਝਾਅ ਜਾਂਦੇ ਹਨ । ਚੀਰ ਹੋਏ ਗੰਨਿਆਂ ਦਾ ਅੰਦਰੋਂ ਗੁੱਦਾ ਲਾਲ ਹੋ ਜਾਂਦਾ ਹੈ ਅਤੇ ਚੌੜੇ ਪਾਸੇ ਵੱਲ

ਬਾਕੀ ਸਫਾ 12 'ਤੇ

# ਖਰ੍ਹਵੇਂ ਅਨਾਜ ਦੀ ਪੌਸ਼ਕਤਾ ਵਧਾਉਣ ਲਈ ਪ੍ਰੋਸੈਸਿੰਗ ਤੋਂ ਪਹਿਲਾਂ ਦੀ ਸਾਂਭ-ਸੰਭਾਲ

ਗੁਰਵੀਰ ਕੌਰ ਅਤੇ ਸੰਧਿਆ, ਪ੍ਰੋਸੈਸਿੰਗ ਅਤੇ ਭੋਜਨ ਇੰਜੀਨੀਅਰਿੰਗ ਵਿਭਾਗ, ਮੋ. 86706-70348

**ਖਰ੍ਹਵੇਂ ਅਨਾਜਾਂ ਦਾ ਛਿਲਕਾ ਉਤਾਰਨ ਤੋਂ ਪਹਿਲਾਂ ਪ੍ਰੀ-ਟਰੀਟਮੈਂਟ ਵਿਰੋਧੀ-ਪੌਸ਼ਟਿਕ ਤੱਤ ਕੱਢਣ, ਛਿਲਕਾ ਉਤਾਰਨ ਵਾਲੀ ਪ੍ਰਕਿਰਿਆ ਨੂੰ ਅਨੁਕੂਲ ਬਣਾਉਣ, ਸਾਬਤ ਚੌਲ ਵਿਚ ਵਾਧਾ, ਟੋਟੇ ਨੂੰ ਘੱਟ ਕਰਨ ਅਤੇ ਅੰਤਮ ਉਤਪਾਦ ਦੀ ਪੌਸ਼ਟਿਕ ਗੁਣਵੱਤਾ ਨੂੰ ਵਧਾਉਣ ਲਈ ਮਹੱਤਵਪੂਰਨ ਹੈ।**

ਖਰ੍ਹਵੇਂ ਅਨਾਜ ਨੂੰ ਖਾਣ ਯੋਗ ਬਣਾਉਣ, ਪੌਸ਼ਟਿਕ ਤੱਤਾਂ ਦੀ ਉਪਲਬਧਤਾ ਨੂੰ ਵਧਾਉਣ ਅਤੇ ਮਨੁੱਖੀ ਖਪਤ ਲਈ ਸੁਰੱਖਿਅਤ ਬਣਾਉਣ ਲਈ ਐਂਟੀਨਿਊਟ੍ਰੀਐਂਟਸ (ਵਿਰੋਧੀ ਤੱਤ) ਅਤੇ ਸਖਤ ਛਿਲਕਾ ਨੂੰ ਮਕੈਨੀਕਲ ਤਰੀਕਿਆਂ ਜਾਂ ਪ੍ਰੀ-ਟਰੀਟਮੈਂਟ ਦੁਆਰਾ ਹਟਾਉਣ ਜਾਂ ਘਟਾਉਣ ਦੀ ਲੋੜ ਹੁੰਦੀ ਹੈ। ਖਰ੍ਹਵੇਂ ਅਨਾਜਾਂ ਦਾ ਛਿਲਕਾ ਉਤਾਰਨ ਤੋਂ ਪਹਿਲਾਂ ਪ੍ਰੀ-ਟਰੀਟਮੈਂਟ ਵਿਰੋਧੀ-ਪੌਸ਼ਟਿਕ ਤੱਤ ਕੱਢਣ, ਛਿਲਕਾ ਉਤਾਰਨ ਵਾਲੀ ਪ੍ਰਕਿਰਿਆ ਨੂੰ ਅਨੁਕੂਲ ਬਣਾਉਣ, ਸਾਬਤ ਚੌਲ ਵਿਚ ਵਾਧਾ, ਟੋਟੇ ਨੂੰ ਘੱਟ ਕਰਨ, ਅਤੇ ਅੰਤਮ ਉਤਪਾਦ ਦੀ ਪੌਸ਼ਟਿਕ ਗੁਣਵੱਤਾ ਨੂੰ ਵਧਾਉਣ ਲਈ ਮਹੱਤਵਪੂਰਨ ਹੈ। ਖਰ੍ਹਵੇ ਅਨਾਜਾਂ ਦੇ ਪੂਰਵ ਉਪਚਾਰ ਦੀ ਲੋੜ ਦੇ ਕੁਝ ਮੁੱਖ ਕਾਰਨ ਹਨ :

**ਕਠੋਰਤਾ ਵਿਚ ਕਮੀ** : ਪ੍ਰੀ-ਟਰੀਟਮੈਂਟ, ਜਿਵੇਂ ਕਿ ਪਾਣੀ ਨਾਲ ਕੰਡੀਸ਼ਨਿੰਗ ਬਾਹਰੀ ਪਰਤ ਨੂੰ ਨਰਮ ਕਰਨ ਵਿਚ ਮਦਦ ਕਰਦੀ ਹੈ। ਛਿਲਕਾ ਉਤਾਰਨ ਦੀ ਪ੍ਰਕਿਰਿਆ ਦੌਰਾਨ ਇਹ ਪਰਤ ਉਤਾਰਨਾ ਆਸਾਨ ਹੋ ਜਾਂਦਾ ਹੈ।

**ਛਿਲਕਾ ਉਤਾਰਨ ਵਿਚ ਸੌਖ** : ਪ੍ਰੀ-ਟਰੀਟਮੈਂਟ ਛਿਲਕਾ ਉਤਾਰਨ ਦੀ ਪ੍ਰਕਿਰਿਆ ਨੂੰ ਵਧੇਰੇ ਪ੍ਰਭਾਵੀ ਅਤੇ ਘੱਟ ਊਰਜਾ-ਤੀਬਰ ਬਣਾ ਦਿੰਦੀ ਹੈ।

**ਟੁੱਟਣ ਨੂੰ ਘੱਟ ਕਰਨਾ** : ਪੂਰਵ ਉਪਚਾਰ ਦੇ ਤਰੀਕੇ, ਜਿਵੇਂ ਕਿ ਦਾਣਿਆਂ ਵਿਚ ਨਮੀ ਪਾਉਣਾ, ਛਿਲਕੇ ਦੀ ਭੁਰਭੁਰੀ ਨੂੰ ਘਟਾਉਣ ਵਿਚ ਮਦਦ ਕਰ ਸਕਦਾ ਹੈ।

**ਪੌਸ਼ਟਿਕ ਤੱਤਾਂ ਨੂੰ ਵਧਾਉਣਾ** : ਕੁਝ ਪੂਰਵ-ਉਪਚਾਰ ਵਿਧੀਆਂ, ਜਿਵੇਂ ਕਿ ਭਿਆਉਣਾ ਜਾਂ ਭਾਫ ਦੇਣਾ, ਖਰ੍ਹਵੇ ਅਨਾਜਾਂ ਦੀ ਪੌਸ਼ਟਿਕ ਰਚਨਾ ਵਿਚ ਤਬਦੀਲੀਆਂ ਵਿਚ ਯੋਗਦਾਨ ਪਾਉਂਦੀਆਂ ਹਨ।

**ਪ੍ਰੋਸੈਸਿੰਗ ਦੇ ਸਮੇਂ ਨੂੰ ਘਟਾਉਣਾ** : ਪ੍ਰੀ-ਟਰੀਟਮੈਂਟ ਵਧੇਰੇ ਕੁਸ਼ਲ ਤਰੀਕੇ ਨਾਲ ਛਿਲਕਾ ਉਤਾਰਨ ਲਈ ਅਨਾਜ ਤਿਆਰ ਕਰਕੇ ਸਮੁੱਚੇ ਪ੍ਰੋਸੈਸਿੰਗ ਦੇ ਸਮੇਂ ਵਿਚ ਕਮੀ ਲਿਆ ਸਕਦਾ ਹੈ।

**ਵਿਰੋਧੀ ਤੱਤਾਂ ਵਿਚ ਘਾਟ** : ਇਹ ਪ੍ਰਕਿਰਿਆਵਾਂ ਫਾਈਟੇਟਸ ਅਤੇ ਟੈਨਿਨ ਵਰਗੇ ਵਿਰੋਧੀ ਤੱਤਾਂ ਨੂੰ ਤੋੜਨ ਵਿਚ ਮਦਦ ਕਰਦੀਆਂ ਹਨ, ਜ਼ਰੂਰੀ ਪੌਸ਼ਟਿਕ ਤੱਤਾਂ ਦੀ ਜੈਵ-ਉਪਲਬਧਤਾ ਨੂੰ ਵਧਾਉਂਦੀਆਂ ਹਨ।

ਕਈ ਪੂਰਵ ਉਪਚਾਰ ਜਿਹੜੇ ਛਿਲਕਾ ਉਤਾਰਨ ਜਾਂ ਪਾਲਿਸ਼ ਕਰਨ ਤੋਂ ਪਹਿਲਾਂ ਕੀਤੇ ਜਾਂਦੇ ਹਨ, ਹੇਠਾਂ ਦਿੱਤੇ ਅਨੁਸਾਰ ਹਨ :



1. **ਭਿਉਂਣਾ** : ਦਾਣਿਆਂ ਨੂੰ ਕਮਰੇ ਦੇ ਤਾਪਮਾਨ 'ਤੇ ਪੂਰੀ ਤਰ੍ਹਾਂ ਭਿੱਜ ਜਾਣ ਤੱਕ ਵੱਖ-ਵੱਖ ਅਵਧੀ ਲਈ ਕੋਸੇ ਪਾਣੀ ਵਿਚ ਭਿਓਂ ਕੇ ਰੱਖਿਆ ਜਾਂਦਾ ਹੈ। ਭਿੱਜਣ ਤੋਂ ਬਾਅਦ, ਦਾਣਿਆਂ ਨੂੰ ਸਾਫ ਪਾਣੀ ਨਾਲ ਚੰਗੀ ਤਰ੍ਹਾਂ ਸਾਫ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਜਾਂ ਤਾਂ 60 ਡਿਗਰੀ ਸੈਲਸੀਅਸ ਤਾਪਮਾਨ 'ਤੇ ਓਵਨ ਵਿਚ ਜਾਂ ਸੂਰਜ ਦੇ ਹੇਠਾਂ ਸੁਕਾਇਆ ਜਾਂਦਾ ਹੈ।

2. **ਅੰਕੁਰਣ** : ਇਹ ਵਿਧੀ ਅਨਾਜ ਦੀ ਬਣਤਰ ਵਿਚ ਬਦਲਾਅ ਲਿਆਉਂਦੀ ਹੈ, ਇਸਦੀ ਪੌਸ਼ਟਿਕ ਗੁਣਵੱਤਾ ਨੂੰ ਉੱਚਾ ਕਰਦੀ ਹੈ ਅਤੇ ਤਿਆਰ ਕੀਤੇ ਭੋਜਨਾਂ ਦੀ ਪਾਚਨਤਾ, ਵਿਭਿੰਨਤਾ ਅਤੇ ਸੁਆਦੀਤਾ ਵਿਚ ਯੋਗਦਾਨ ਪਾਉਂਦੀ ਹੈ। ਅਕੁੰਰਣ ਦੀ ਪ੍ਰਕਿਰਿਆ ਦੇ ਦੌਰਾਨ, ਸਾਬਤ ਅਨਾਜ ਨੂੰ ਆਮ ਤੌਰ 'ਤੇ 2 ਤੋਂ 24 ਘੰਟਿਆਂ ਤੱਕ ਭਿਓਂ ਕੇ ਰੱਖਿਆ ਜਾਂਦਾ ਹੈ। ਖਰ੍ਹਵੇਂ ਅਨਾਜ ਦੇ ਉੱਗਣ ਦੇ ਨਤੀਜੇ ਵਜੋਂ ਦਾਣੇ / ਗਿਰੀ ਦੀ ਬਣਤਰ ਨਰਮ ਹੋ ਜਾਂਦੀ ਹੈ ਅਤੇ ਪੌਸ਼ਟਿਕ ਮੁੱਲ ਵਿਚ ਇੱਕ ਸਮਕਾਲੀ ਵਾਧਾ ਹੁੰਦਾ ਹੈ।

3. **ਖਮੀਰਨਾ** : ਇਸ ਪ੍ਰਕਿਰਿਆ ਵਿਚ, ਅਨਾਜ ਵੱਖ-ਵੱਖ ਸੂਖਮ ਜੀਵਾਣੂਆਂ ਦੇ ਪ੍ਰਸਾਰ ਲਈ ਸਬਸਟਰੇਟ ਵਜੋਂ ਕੰਮ ਕਰਦੇ ਹਨ। ਆਮ ਤੌਰ 'ਤੇ ਖਰ੍ਹਵੇਂ ਅਨਾਜਾਂ ਨੂੰ ਕਮਰੇ ਦੇ ਤਾਪਮਾਨ 'ਤੇ ਫਰਮੈਂਟ ਕੀਤਾ ਜਾਂਦਾ ਹੈ, ਜੋ ਕਿ 24 ਤੋਂ 72 ਘੰਟਿਆਂ ਤੱਕ ਚੱਲਦਾ ਹੈ ਜਿਹੜਾ ਕਿ ਖਾਸ ਭੋਜਨ ਉਤਪਾਦ ਜਾਂ ਪੀਣ ਵਾਲੇ ਪਦਾਰਥਾਂ 'ਤੇ ਨਿਰਭਰ ਕਰਦਾ ਹੈ। ਫਰਮੈਂਟੇਸ਼ਨ ਪ੍ਰਕਿਰਿਆ ਦੇ ਦੌਰਾਨ, ਮਾਈਕਰੋਬਾਇਲ ਗਤੀਵਿਧੀ ਕਈ ਉਪ-ਉਤਪਾਦ ਪੈਦਾ ਕਰਦੀ ਹੈ, ਜਿਸ ਵਿਚ ਜੈਵਿਕ ਐਸਿਡ ਅਤੇ ਐਂਟੀਬਾਇਓਟਿਕਸ ਸ਼ਾਮਲ ਹਨ, ਕਿਉਂਕਿ ਉਹ ਅਨਾਜ ਵਿਚ ਮੌਜੂਦ ਸਟਾਰਚ ਦੀ ਵਰਤੋਂ ਕਰਦੇ ਹਨ।

4. **ਪਾਣੀ ਅਤੇ ਗਰਮੀ ਦਾ ਪ੍ਰਯੋਗ** : ਇਸ ਪ੍ਰਕਿਰਿਆ ਵਿਚ ਤਾਪਮਾਨ-ਸਮੇਂ ਦੀਆਂ ਸਥਿਤੀਆਂ ਬੀਜ ਦੀ ਕਠੋਰਤਾ ਦੇ ਆਧਾਰ 'ਤੇ ਤੈਅ ਕੀਤੀਆਂ ਜਾਂਦੀਆਂ ਹਨ, ਅਤੇ ਇਸ ਵਿਚ ਦਾਣਿਆਂ ਨੂੰ ਸ਼ੁਰੂਆਤ ਵਿਚ ਭਿਓਂ ਕੇ ਭਾਫ ਦੇਣਾ ਅਤੇ ਉਬਾਲਣਾ ਸ਼ਾਮਲ ਹੈ। ਅਨਾਜ ਨੂੰ ਗਰਮ ਪਾਣੀ ਵਿਚ ਭਿਆਉਣ ਦਾ ਅਭਿਆਸ ਘਰਾਂ ਵਿਚ ਵਿਆਪਕ ਤੌਰ 'ਤੇ ਅਪਣਾਇਆ ਜਾਂਦਾ ਹੈ, ਇਹ ਇੱਕ ਪ੍ਰਸਿੱਧ ਅਤੇ ਪਰੰਪਰਾਗਤ ਪਹੁੰਚ ਨੂੰ ਦਰਸਾਉਂਦਾ ਹੈ ਜਿਸਦਾ ਉਦੇਸ਼ ਵਿਰੋਧੀ-ਪੌਸ਼ਟਿਕ ਤੱਤ, ਖਾਸ ਕਰਕੇ ਫਾਈਟੇਟਸ ਨੂੰ ਘਟਾਉਣਾ ਹੈ।

ਪਾਰਬੋਇਲ ਕਰਨ ਨਾਲ ਬਿਨਾ ਛਿਲਕੇ ਦੇ ਖਰ੍ਹਵੇਂ ਅਨਾਜ ਵਿਚ ਗੈਰ-ਪਾਰਬੋਇਲਡ ਖਰ੍ਹਵੇਂ ਅਨਾਜ ਦੀ ਤੁਲਨਾ ਵਿਚ ਵਾਧਾ ਹੁੰਦਾ ਹੈ। ਖਰ੍ਹਵੇਂ ਅਨਾਜ ਦੇ ਬਿਨਾ ਛਿਲਕੇ ਦੇ ਚੌਲ ਵਿਚ 28% ਸੁਧਾਰ ਹੋ ਜਾਂਦਾ ਹੈ, ਜੋ ਕਿ ਦਾਣੇ ਦੀ ਕਠੋਰਤਾ ਵਿਚ ਵਾਧਾ ਅਤੇ ਛਿਲਕੇ ਦਾ ਦਾਣੇ ਤੋਂ ਵੱਖ ਹੋਣ ਦਾ ਕਾਰਨ ਹੈ। ਇਸ ਤੋਂ ਇਲਾਵਾ, ਹਾਈਡ੍ਰੋਥਰਮਲ ਉਪਚਾਰ ਅਨਾਜ ਦੀ ਸੁਆਦਤਾ ਵਿਚ ਸੁਧਾਰ ਲਈ ਯੋਗਦਾਨ ਪਾਉਂਦੇ ਹਨ। ਖਰ੍ਹਵੇਂ ਅਨਾਜ ਦੇ ਅੰਤਰਰਾਸ਼ਟਰੀ ਸਾਲ ਦੌਰਾਨ, ਇਹਨਾਂ ਦੀ ਖਪਤ ਬਾਰੇ ਜਾਗਰੂਕਤਾ ਵਧ ਰਹੀ ਹੈ। ਹਾਲਾਂਕਿ ਇਹ ਦੱਸਣਾ ਜ਼ਰੂਰੀ ਹੈ ਕਿ ਇੱਕ ਸਿਹਤਮੰਦ ਖੁਰਾਕ ਵਿਚ ਖਰ੍ਹਵੇ ਅਨਾਜ ਦੇ ਸਹੀ ਪੂਰਵ ਉਪਚਾਰ ਅਤੇ ਪ੍ਰੋਸੈਸਿੰਗ ਸ਼ਾਮਲ ਹੈ, ਕਿਉਂਕਿ ਬਹੁਤ ਜ਼ਿਆਦਾ ਅਤੇ ਬਿਨਾ ਪ੍ਰੋਸੈਸ ਦੇ ਸੇਵਨ ਮਨੁੱਖੀ ਸਿਹਤ ਲਈ ਸੰਭਾਵੀ ਖਤਰਾ ਪੈਦਾ ਕਰ ਸਕਦਾ ਹੈ। ਖਾਣ ਲਈ ਸਹੀ ਢੰਗ ਤੇ ਮਾਤਰਾ ਦਾ ਸੰਤੁਲਨ ਲੱਭਣਾ ਖਰ੍ਹਵੇਂ ਅਨਾਜਾਂ ਦੇ ਲਾਭਾਂ ਨੂੰ ਪ੍ਰਾਪਤ ਕਰਨ ਲਈ ਇੱਕ ਕੁੰਜੀ ਹੈ।

------ ਬਾਕੀ ਸਫਾ 11 ਦੀ ------

# ਕੀੜੇ-ਮਕੌੜੇ ਅਤੇ ਰੋਗ ਰਹਿਤ ਗੰਨੇ ਦਾ ਉਤਪਾਦਨ

ਲੰਬੂਤਰੇ ਚਿੱਟੇ ਧੱਬੇ ਇਸਨੂੰ ਕੱਟਦੇ ਨਜ਼ਰ ਆਉਂਦੇ ਹਨ। ਇਨ੍ਹਾਂ ਚੀਰ ਹੋਏ ਗੰਨਿਆਂ ਵਿੱਚੋਂ ਸ਼ਰਾਬ ਵਰਗੀ ਬੂ ਆਉਂਦੀ ਹੈ।

**ਰੋਕਥਾਮ** : ★ ਬਿਜਾਈ ਲਈ ਬੀਜ ਕੇਵਲ ਰੋਗ-ਰਹਿਤ ਫਸਲ ਵਿੱਚੋਂ ਲਵੋ।

★ ਰੋਗ ਦਾ ਟਾਕਰਾ ਕਰਨ ਯੋਗ ਕਿਸਮਾਂ ਜਿਵੇਂ ਸੀ. ਓ ਪੀ ਬੀ 92,



118, ਸੀ. ਓ ਜੇ 85, ਸੀ. ਓ ਪੀ ਬੀ 93, ਸੀ. ਓ ਪੀ ਬੀ 94, ਸੀ. ਓ ਪੀ ਬੀ 91, ਸੀ. ਓ 238 ਅਤੇ ਸੀ. ਓ ਜੇ 88 ਹੀ ਬੀਜੋ।

★ ਬਿਮਾਰੀ ਵਾਲੇ ਖੇਤਾਂ ਵਿੱਚ ਇੱਕ ਸਾਲ ਫਸਲੀ ਚੱਕਰ ਅਪਨਾਉ।

★ ਰੋਗੀ ਫਸਲ ਅਗੇਤੀ ਪੀੜ ਲਓ। ਖੇਤ ਛੇਤੀ ਤੋਂ ਛੇਤੀ ਵਾਹ ਕੇ ਮੁੱਢ ਸਾੜ ਦਿਓ।

★ ਰੋਗੀ ਗੰਨਿਆਂ ਵਾਲਾ ਸਾਰਾ ਬੂਝਾ ਮੁੱਢੋਂ ਪੁੱਟ ਕੇ ਦੱਬ ਜਾਂ ਸਾੜ ਦਿਓ।

★ ਰੋਗ ਵਾਲੀ ਫਸਲ ਦਾ ਮੋਢਾ ਨਾ ਰੱਖੋ।

**ਮੁਰਝਾਉਣਾ (ਸੋਕਾ)** : ਇਹ ਬਿਮਾਰੀ ਜੁਲਾਈ ਤੋਂ ਫਸਲ ਪੱਕਣ ਤੱਕ ਰਹਿੰਦੀ ਹੈ। ਬਿਮਾਰੀ ਵਾਲੇ ਗੰਨੇ ਦੇ ਪੱਤੇ ਪਹਿਲਾਂ ਪੀਲੇ ਪੈ ਜਾਂਦੇ ਹਨ ਅਤੇ ਬਾਅਦ ਵਿੱਚ ਉੱਤੋਂ ਸੁੱਕ ਜਾਂਦੇ ਹਨ। ਗੰਨੇ ਦੇ ਗੁੱਦੇ ਦਾ ਰੰਗ ਅੰਦਰੋਂ ਭੱਦਾ ਲਾਲ ਹੋ ਜਾਂਦਾ ਹੈ। ਇਸ ਵਿੱਚ ਗੁੱਦੇ ਦਾ ਰੰਗ ਗੰਢ ਦੇ ਨੇੜਿਓਂ ਗੂੜਾ ਹੁੰਦਾ ਹੈ ਅਤੇ ਵਿਚਕਾਰੋਂ ਘੱਟ। ਬਿਮਾਰੀ ਵਾਲਾ ਗੰਨਾ ਵਿਚਕਾਰੋਂ ਖਾਲੀ ਪੈ ਜਾਂਦਾ ਹੈ ਅਤੇ ਹੌਲਾ ਹੋ ਜਾਂਦਾ ਹੈ। ਇਸ ਰੋਗ ਦੀ ਰੋਕਥਾਮ ਲਈ ਰੱਤਾ ਰੋਗ ਵਾਲੇ ਉਪਾਅ ਹੀ ਕਰੋ। ਇਸ ਬਿਮਾਰੀ ਨੂੰ ਫੈਲਾਉਣ ਵਾਲੀ ਉੱਲੀ ਬਹੁਤ ਦੇਰ ਤੱਕ ਖੇਤ ਵਿੱਚ ਉਵੇਂ ਹੀ ਪਈ ਰਹਿੰਦੀ ਹੈ। ਇਸ ਕਰਕੇ ਅਜਿਹੇ ਖੇਤਾਂ ਵਿੱਚ ਤਿੰਨ ਸਾਲਾਂ ਲਈ ਗੰਨਾ ਨਹੀਂ ਬੀਜਣਾ ਚਾਹੀਦਾ ਹੈ।

**ਕਾਂਗਿਆਰੀ** : ਇਹ ਬਿਮਾਰੀ ਸਾਰਾ ਸਾਲ ਹੀ ਰਹਿੰਦੀ ਹੈ, ਪਰ ਇਸ ਦਾ ਹਮਲਾ ਮਈ ਤੋਂ ਜੁਲਾਈ ਅਤੇ ਫਿਰ ਅਕਤੂਬਰ-ਨਵੰਬਰ ਦੇ ਦਰਮਿਆਨ ਵਧੇਰੇ ਹੁੰਦਾ ਹੈ। ਮੋਢੇ ਦੀ ਫਸਲ ਵਿੱਚ ਇਹ ਬਿਮਾਰੀ ਜ਼ਿਆਦਾ ਹੁੰਦੀ ਹੈ। ਬਿਮਾਰੀ ਵਾਲੇ ਗੰਨਿਆਂ ਦੀ ਮੁੱਖ ਸ਼ਾਖ ਛਾਂਗੇ ਵਰਗੀ ਬਣ ਜਾਂਦੀ ਹੈ, ਜਿਸ ਉੱਪਰ ਕਾਲਾ ਧੂੜੇਦਾਰ ਮਾਦਾ ਲੱਗਾ ਹੁੰਦਾ ਹੈ। ਅਜਿਹੀਆਂ ਛਾਂਟੇ ਵਰਗੀਆਂ ਸ਼ਾਖਾਂ ਗੰਨੇ ਦੇ ਆਗ ਵਿੱਚੋਂ ਜਾਂ ਬਾਅਦ ਵਿੱਚ ਫੁੱਟਣ ਵਾਲੀਆਂ ਸ਼ਾਖਾਂ ਉੱਪਰ ਹੋ ਸਕਦੀਆਂ ਹਨ।

**ਰੋਕਥਾਮ** : ★ ਨਰੋਆ ਬੀਜ ਵਰਤੋ। ਬਿਮਾਰੀ ਲੱਗੇ ਗੰਨਿਆਂ ਦੇ ਨੇੜੇ ਦੇ ਗੰਨੇ ਦੀ ਬੀਜ ਲਈ ਨਾ ਵਰਤੋ।

★ ਕਾਂਗਿਆਰੀ ਵਾਲੀਆਂ ਸ਼ਾਖਾਂ ਹੌਲੇ ਜਿਹੇ ਖਿੱਚ ਕੇ ਮੋਟੇ ਕੱਪੜੇ ਦੇ ਝੋਲੇ ਵਿੱਚ ਪਾ ਕੇ ਕੱਟ ਲਓ। ਫਿਰ ਸਾਰਾ ਬੂਟਾ ਮੁੱਢੋਂ ਪੁੱਟ ਕੇ ਸਾੜ ਦਿਓ ਜਾਂ ਮਿੱਟੀ ਵਿੱਚ ਡੂੰਘਾ ਦਬਾ ਦਿਓ।

★ ਇਸ ਬਿਮਾਰੀ ਵਾਲੀ ਫਸਲ ਦੀ ਮੁੱਢੀ ਨਾ ਰੱਖੋ।

★ ਬੀਜ ਨੂੰ ਰੋਗ ਰਹਿਤ ਕਰਨ ਲਈ ਗੁੱਲੀਆਂ 0.25% ਐਮੀਸਨ (250 ਗ੍ਰਾਮ) ਜਾਂ 0.25 ਪ੍ਰਤੀਸ਼ਤ ਟਿਲਟ 25 ਤਾਕਤ (250 ਮਿਲੀਲਿਟਰ) ਦੇ 100 ਲਿਟਰ ਪਾਣੀ ਦੇ ਘੋਲ ਵਿੱਚ ਡੋਬ ਕੇ ਸੋਧ ਲਵੋ।

**ਪੋਖਾ ਬੋਇੰਗ (Top Rot)** : ਇਹ ਉੱਲੀ ਰੋਗ ਵਰਖਾ ਰੁੱਤੇ ਜੁਲਾਈ ਤੋਂ ਸਤੰਬਰ ਵਿੱਚ ਹੁੰਦਾ ਹੈ। ਆਗ ਦੇ ਨਿੱਕੇ ਅਤੇ ਨਵੇਂ ਪੱਤਿਆਂ ਦਾ ਹੇਠਾਂ ਤੋਂ ਰੰਗ ਪੀਲਾ ਹੋ ਜਾਂਦਾ ਹੈ ਅਤੇ ਇਹ ਛੋਟੇ ਰਹਿ ਜਾਂਦੇ ਹਨ ਜੋ ਕਿ ਬਾਅਦ ਵਿੱਚ ਗੂੜ੍ਹੇ ਲਾਲ ਰੰਗ ਦੇ ਹੋ ਜਾਂਦੇ ਹਨ ਅਤੇ ਹੌਲੀ ਹੌਲੀ ਝੜ ਜਾਂਦੇ ਹਨ। ਰੋਗ ਦੀ ਗੰਭੀਰ ਹਾਲਤ ਵਿੱਚ ਗੰਨੇ ਦਾ ਉੱਪਰਲਾ ਸਿਰਾ ਵੀ ਗਲ ਜਾਂਦਾ ਹੈ।

**ਰੋਕਥਾਮ** : ★ ਅਜਿਹੇ ਬੂਟੇ ਪੁੱਟ ਕੇ ਦੱਬ ਜਾਂ ਸਾੜ ਦਿਓ।

**ਘਾਹ ਵਰਗੀਆਂ ਸ਼ਾਖਾਂ ਦਾ ਰੋਗ (Grassy Shoot Disease)** : ਇਹ ਰੋਗ ਮਾਈਕੋਪਲਾਸਮਾ ਕਰਕੇ ਹੁੰਦਾ ਹੈ। ਰੋਗੀ ਬੂਟਿਆਂ ਵਿੱਚੋਂ ਬਹੁਤ ਸਾਰੀਆਂ ਬਰੀਕ ਸ਼ਾਖਾਂ ਫੁੱਟਦੀਆਂ ਹਨ। ਪੱਤੇ ਛੋਟੇ, ਪਤਲੇ ਅਤੇ ਘੱਟ ਚੌੜੇ ਰਹਿ ਜਾਂਦੇ ਅਤੇ ਇਨ੍ਹਾਂ ਦਾ ਰੰਗ ਚਿੱਟਾ ਹੋ ਜਾਂਦਾ ਹੈ। ਜੇਕਰ ਇਸ ਰੋਗ ਦਾ ਹਮਲਾ ਘੱਟ ਹੋਵੇ ਤਾਂ ਇੱਕ ਦੋ ਮਾੜੇ ਜਿਹੇ ਗੰਨੇ ਵੀ ਬਣ ਜਾਂਦੇ ਹਨ।

**ਰੋਕਥਾਮ** : ★ ਨਰੋਆ ਬੀਜ ਵਰਤੋ। ਬਿਮਾਰੀ ਲੱਗੇ ਗੰਨਿਆਂ ਦੇ ਨੇੜੇ ਦੇ ਗੰਨੇ ਵੀ ਬੀਜ ਲਈ ਨਾ ਵਰਤੋ।

★ ਬੀਜ ਵਾਲੇ ਗੰਨਿਆਂ ਨੂੰ ਸਿੱਲ੍ਹੀ ਗਰਮ ਹਵਾ ਦੇ ਯੰਤਰ ਵਿੱਚ 4 ਘੰਟੇ ਲਈ 54 ਡਿਗਰੀ ਸੈਂਟੀਗ੍ਰੇਡ ਤਾਪਮਾਨ ਰੱਖ ਕੇ ਸੋਧਣਾ ਚਾਹੀਦਾ ਹੈ।

★ ਇਸ ਬਿਮਾਰੀ ਦੇ ਹੋਣ ਦਾ ਡਰ ਮੁਢੀ ਫਸਲ ਵਿੱਚ ਵਧੇਰੇ ਹੁੰਦਾ ਹੈ। ਇਸ ਲਈ ਬਿਮਾਰੀ ਵਾਲੀ ਫਸਲ ਦਾ ਮੁਢਾ ਨਾ ਰੱਖੋ।

# ਖਾਰੇ-ਲੂਣੇ ਪਾਣੀ ਦੀ ਮਾਰ ਤੋਂ ਬਚਾਉਂਦੀ ਹੈ ਹਰੀ ਖਾਦ

ਪ੍ਰਿਤਪਾਲ ਸਿੰਘ / ਨਵਨੀਤ ਕੌਰ / ਅੰਗਰੇਜ਼ ਸਿੰਘ,
ਫਾਰਮ ਸਲਾਹਕਾਰ ਸੇਵਾ ਕੇਂਦਰ ਬਠਿੰਡਾ ।

ਪੰਜਾਬ ਵਿਚ ਸੰਘਣੀ ਖੇਤੀ, ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੀ ਕਾਸ਼ਤ ਅਤੇ ਲੰਮੇ ਸਮੇਂ ਤੋਂ ਅਪਨਾਏ ਜਾ ਰਹੇ ਝੋਨਾ-ਕਣਕ ਫਸਲੀ ਚੱਕਰ ਕਾਰਨ ਜ਼ਮੀਨ ਦੀ ਉਪਜਾਊ ਸ਼ਕਤੀ ਲਗਾਤਾਰ ਘਟ



ਰਹੀ ਹੈ । ਪੰਜਾਬ ਵਿਚ ਲਗਭਗ 40 % ਰਕਬੇ 'ਚ ਜ਼ਮੀਨ ਹੇਠਲੇ ਪਾਣੀ ਵਿਚ ਨਮਕ ਦੀ ਮਾਤਰਾ ਕਾਫੀ ਜ਼ਿਆਦਾ ਹੈ । ਸਿੰਜਾਈ ਲਈ ਵਰਤੇ ਜਾਂਦੇ ਧਰਤੀ ਹੇਠਲੇ ਲੂਣੇ ਜਾਂ ਖਾਰੇ ਪਾਣੀਆਂ ਕਰ ਕੇ ਵੀ ਜ਼ਮੀਨ ਦੀ ਸਿਹਤ ਅਤੇ ਫਸਲਾਂ ਦੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ । ਗਰਮੀਆਂ ਦੀ ਰੁੱਤ ਵਿਚ ਵਧੇਰੇ ਤਾਪਮਾਨ ਹੋਣ ਕਾਰਨ ਜ਼ਮੀਨ ਵਿਚਲਾ ਜੈਵਿਕ ਮਾਦਾ ਨਸ਼ਟ ਹੋ ਜਾਂਦਾ ਹੈ ਅਤੇ ਜ਼ਮੀਨ ਦੀ ਸਿਹਤ ਕਮਜ਼ੋਰ ਹੁੰਦੀ ਹੈ । ਜ਼ਮੀਨ ਦੀ ਸਿਹਤ ਖਰਾਬ ਹੋਣ ਨਾਲ ਖੁਰਾਕੀ ਤੱਤਾਂ ਦੀ ਉਪਲੱਬਧਤਾ ਘਟ ਜਾਂਦੀ ਹੈ ਅਤੇ ਸੂਖਮ ਤੱਤਾਂ ਜਿਵੇਂ ਲੋਹਾ, ਜ਼ਿੰਕ, ਮੈਂਗਨੀਜ਼ ਆਦਿ ਤੱਤਾਂ ਦੀ ਘਾਟ ਵਧ ਜਾਂਦੀ ਹੈ । ਫਸਲਾਂ ਤੋਂ ਲਗਾਤਾਰ ਚੰਗਾ ਝਾੜ ਲੈਣ ਲਈ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਪੀ ਏ ਯੂ) ਦੀ ਖੋਜ ਦਰਸਾਉਂਦੀ ਹੈ ਕਿ ਹਰੀਆਂ ਖਾਦਾਂ ਦੀ ਵਰਤੋਂ ਨਾਲ ਫਸਲਾਂ ਦਾ ਝਾੜ ਵਧਦਾ ਹੈ, ਫਸਲਾਂ ਉੱਪਰ ਲੂਣੇ-ਖਾਰੇ ਪਾਣੀਆਂ ਦਾ ਮਾੜਾ ਅਸਰ ਘਟਦਾ ਹੈ ਅਤੇ ਜ਼ਮੀਨ ਦੀ ਸਿਹਤ ਵੀ ਸੁਧਰਦੀ ਹੈ । ਜ਼ਮੀਨ ਦੀ ਸਿਹਤ ਨਹੀ ਫਸਲੀ ਰਹਿੰਦ-ਖੂੰਹਦ, ਜੈਵਿਕ ਖਾਦਾਂ ਦੇ ਨਾਲ-ਨਾਲ ਹਰੀ ਖਾਦ ਨੂੰ ਜ਼ਮੀਨ 'ਚ ਦਬਾਉਣਾ ਜ਼ਰੂਰੀ ਹੈ ।

ਹਰੀ ਖਾਦ ਲਈ ਵਰਤੀਆਂ ਜਾਣ ਵਾਲੀਆਂ ਫਲੀਦਾਰ ਫਸਲਾਂ ਰਾਈਜ਼ੋਬੀਅਮ ਨਾਂ ਦੇ ਜੀਵਾਣੂੰ ਦੇ ਸੁਮੇਲ ਨਾਲ ਹਵਾ ਵਿਚੋਂ ਨਾਈਟ੍ਰੋਜਨ ਪੌਦੇ ਦੀਆਂ ਜੜ੍ਹਾਂ ਵਿਚਲੀਆਂ ਗੰਢਾਂ ਵਿਚ ਜਮ੍ਹਾਂ ਕਰ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੀਆਂ ਹਨ । ਪੀ ਏ ਯੂ ਵੱਲੋਂ ਢੈਂਚਾ (ਜੰਤਰ), ਸਣ, ਗੁਆਰਾ ਅਤੇ ਰਵਾਂਹ ਦੀ ਫਸਲ ਨੂੰ ਬਤੌਰ ਹਰੀ ਖਾਦ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ; ਹਰੀ ਖਾਦ ਲਈ ਜੰਤਰ ਅਤੇ ਸਣ ਅਜਿਹੀਆਂ ਫਸਲਾਂ ਹਨ ਜੋ ਆਸਾਨੀ ਨਾਲ ਗਲ ਜਾਂਦੀਆਂ ਹਨ ਅਤੇ ਥੋੜ੍ਹੇ ਸਮੇਂ ਵਿਚ ਕਾਫੀ ਮਾਤਰਾ ਵਿਚ ਹਰੀ ਖਾਦ ਪੈਦਾ ਕਰਦੀਆਂ ਹਨ ।

**ਜ਼ਮੀਨ ਵਿਚ ਹਰੀ ਖਾਦ ਦਬਾਉਣ ਦੇ ਲਾਭ**

★ ਹਰੀਆਂ ਖਾਦਾਂ ਮੁੱਖ ਤੌਰ ਤੇ ਜ਼ਮੀਨ ਵਿਚ ਨਾਈਟ੍ਰੋਜਨ ਜਮ੍ਹਾਂ ਕਰਦੀਆਂ ਹਨ ਅਤੇ ਬਾਕੀ ਤੱਤ ਜਿਵੇਂ ਫਾਸਫੋਰਸ, ਪੋਟਾਸ਼, ਲੋਹਾ ਆਦਿ ਦੀ ਫਸਲਾਂ ਨੂੰ ਉਪਲੱਬਧਤਾ ਨੂੰ ਵਧਾਉਂਦੀਆਂ ਹਨ । ਇਸ ਲਈ ਜ਼ਮੀਨ ਵਿਚ ਹਰੀ ਖਾਦ ਦਬਾਉਣ ਨਾਲ, ਇਸ ਮਗਰੋਂ ਬੀਜੀ ਜਾਣ ਵਾਲੀ ਫਸਲ ਨੂੰ ਨਾਈਟ੍ਰੋਜਨ ਖਾਦ ਦੀ ਲੋੜ ਵੀ ਕਾਫੀ ਘਟ ਜਾਂਦੀ ਹੈ । ਜੇ ਝੋਨੇ ਦੀ ਫਸਲ ਤੋਂ ਪਹਿਲਾਂ ਹਰੀ ਖਾਦ ਜ਼ਮੀਨ ਵਿਚ ਵਾਹੀ ਜਾਵੇ ਤਾਂ ਝੋਨੇ ਵਿਚ 55 ਕਿਲੋ ਯੂਰੀਆ ਖਾਦ ਦੀ ਬੱਚਤ ਹੁੰਦੀ ਹੈ ।

★ ਜਿਨ੍ਹਾਂ ਜ਼ਮੀਨਾਂ ਵਿਚ ਹਰ ਸਾਲ ਲੋਹਾ ਤੱਤ ਦੀ ਘਾਟ ਆਉਂਦੀ ਹੋਵੇ, ਉੱਥੇ ਜੰਤਰ ਦੀ ਹਰੀ ਖਾਦ ਜ਼ਮੀਨ ਵਿਚ ਵਾਹੁਣ ਨਾਲ ਲੋਹਾ ਤੱਤ ਦੀ ਘਾਟ ਵੀ ਨਹੀਂ ਆਉਂਦੀ । ਛੋਟੇ ਤੱਤ ਇਸ ਰੂਪ ਵਿਚ ਆ ਜਾਂਦੇ ਹਨ ਜਿਸ ਨੂੰ ਪੌਦੇ ਆਸਾਨੀ ਨਾਲ ਲੈ ਸਕਦੇ ਹਨ ।

★ ਹਰੀ ਖਾਦ ਦੀ ਵਰਤੋਂ ਨਾਲ ਜ਼ਮੀਨ ਵਿਚ ਜੈਵਿਕ ਮਾਦੇ ਦਾ ਪੱਧਰ ਵਧਦਾ ਹੈ ਅਤੇ ਜ਼ਮੀਨ ਦੇ ਭੌਤਿਕ, ਰਸਾਇਣਕ ਅਤੇ ਜੈਵਿਕ ਗੁਣਾਂ ਵਿਚ ਸੁਧਾਰ ਹੁੰਦਾ ਹੈ ।

★ ਹਰੀ ਖਾਦ ਦੀ ਵਰਤੋਂ ਨਾਲ ਜ਼ਮੀਨ ਵਿਚ ਹਵਾ ਅਤੇ ਪਾਣੀ ਦਾ ਸੰਚਾਰ ਦੀ ਸਹੀ ਢੰਗ ਨਾਲ ਹੋਣ ਲੱਗਦਾ ਹੈ ਜਿਸ ਵਿਚ ਰੇਤਲੀਆਂ ਜ਼ਮੀਨਾਂ ਦੀ ਪਾਣੀ ਸੰਭਾਲ ਕੇ ਰੱਖਣ ਦੀ ਸਮਰੱਥਾ ਵਧਦੀ ਹੈ ਅਤੇ ਭਾਰੀਆਂ ਜ਼ਮੀਨਾਂ ਵਿਚ ਪਾਣੀ ਖੜ੍ਹਨ ਦੀ ਸਮੱਸਿਆ ਘਟਦੀ ਹੈ ।

★ ਇਸ ਨਾਲ ਜ਼ਮੀਨ ਦੀ ਉੱਪਰਲੀ ਉਪਜਾਊ ਤਹਿ ਦਾ ਹਵਾ ਅਤੇ ਪਾਣੀ ਨਾਲ ਰੁੜ੍ਹਨ ਦੀ ਸਮੱਸਿਆ ਵੀ ਘਟਦੀ ਹੈ ।

★ ਹਰ ਸਾਲ ਜ਼ਮੀਨ ਵਿਚ ਢੈਂਚੇ ਦੀ 6-8 ਹਫਤਿਆਂ ਦੀ ਫਸਲ ਦਬਾਉਣ ਨਾਲ ਝੋਨੇ ਵਿਚ ਲੋਹੇ ਦੀ ਘਾਟ ਵੀ ਨਹੀਂ ਆਉਂਦੀ ।

★ ਗਲਣ-ਸੜਨ ਉਪਰੰਤ ਹਰਾ ਮਾਦਾ ਜ਼ਮੀਨ ਵਿਚ ਕਈ ਤਰ੍ਹਾਂ ਦੇ ਤੇਜ਼ਾਬ ਪੈਦਾ ਕਰਦਾ ਹੈ ਜੋ ਜ਼ਮੀਨ ਦੇ ਕਲਰਾਠੇਪਣ ਨੂੰ ਘਟਾਉਂਦੇ ਹਨ ।

**ਹਰੀ ਖਾਦ ਦੀ ਕਾਸ਼ਤ ਲਈ ਨੁਕਤੇ**

ਪੀ ਏ ਯੂ ਵੱਲੋਂ ਅਜਿਹੀਆਂ ਫਸਲਾਂ ਦੀ ਹਰੀ ਖਾਦ ਵਜੋਂ ਸਿਫਾਰਸ਼ ਕੀਤੀ ਗਈ ਹੈ ਜਿਨ੍ਹਾਂ ਦਾ ਵਾਧਾ ਤੇਜ਼ੀ ਨਾਲ ਹੁੰਦਾ ਹੈ ਅਤੇ ਵਧੇਰੇ ਬਨਾਸਪਤ ਮਾਦੇ ਸਦਕਾ ਇਹ ਫਸਲਾਂ ਜ਼ਮੀਨ ਵਿਚ ਵਧੇਰੇ ਜੈਵਿਕ ਮਾਦਾ ਪਾ ਸਕਦੀਆਂ ਹਨ । ਇਨ੍ਹਾਂ ਫਸਲਾਂ ਦੀਆਂ ਜੜ੍ਹਾਂ ਵਿਚ ਵੱਧ ਤੋਂ ਵੱਧ ਗੰਢਾਂ ਹੋਣ ਕਰ ਕੇ ਇਹ ਵਾਤਾਵਰਨ ਵਿਚਲੀ ਨਾਈਟ੍ਰੋਜਨ ਨੂੰ ਵਧੇਰੇ ਜਮ੍ਹਾਂ ਕਰਦੀਆਂ ਹਨ । ਇਨ੍ਹਾਂ ਫਸਲਾਂ ਨੂੰ ਕੀੜੇ-ਮਕੌੜਿਆਂ ਦਾ ਹਮਲਾ ਘੱਟ ਹੁੰਦਾ ਹੈ ਅਤੇ ਪਾਣੀ ਦੀ ਮੰਗ ਵੀ ਘੱਟ ਹੈ । ਯੂਨੀਵਰਸਿਟੀ ਵਲੋਂ ਸਿਫਾਰਸ਼ ਸਣ ਅਤੇ ਜੰਤਰ ਵਿਚ ਖਾਰੀਆਂ ਅਤੇ ਤੇਜ਼ਾਬੀ ਹਾਲਤਾਂ ਨੂੰ ਸਹਿਣ ਕਰਨ ਦੀ ਸਮਰੱਥਾ ਹੋਣ ਕਰ ਕੇ ਇਹ ਫਸਲਾਂ ਖਾਰੀਆਂ ਅਤੇ ਤੇਜ਼ਾਬੀ ਜ਼ਮੀਨਾਂ ਦੀ ਸਿਹਤ ਸੁਧਾਰ ਲਈ ਜ਼ਿਆਦਾ ਢੁੱਕਵੀਆਂ ਹਨ ।

**ਢੈਂਚਾ** : ਢੈਂਚੇ ਦੀ ਛੇਤੀ ਵਧਣ ਵਾਲੀ ਕਿਸਮ ਪੰਜਾਬ ਢੈਂਚਾ-1 ਦੀ ਕਾਸ਼ਤ ਅਪਰੈਲ ਤੋਂ ਜੁਲਾਈ ਤੱਕ ਕੀਤੀ ਜਾ ਸਕਦੀ ਹੈ । ਬਿਜਾਈ ਤੋਂ 45-60 ਦਿਨਾਂ ਬਾਅਦ ਇਸ ਦਾ ਕੱਦ 3-5 ਫੁੱਟ ਦੇ ਕਰੀਬ ਹੋ ਜਾਂਦਾ ਹੈ । ਜੇ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਿਆ ਜਾਵੇ ਤਾਂ ਇਸ ਫਸਲ ਨੂੰ ਜ਼ਮੀਨ ਵਿਚ ਮਿਲਾਉਣ ਨਾਲ ਲਗਭਗ 50 ਕੁਇੰਟਲ ਤੋਂ 85 ਕੁਇੰਟਲ ਪ੍ਰਤੀ ਏਕੜ ਹਰ ਮਾਦਾ ਜ਼ਮੀਨ ਵਿਚ ਜਮ੍ਹਾ ਹੁੰਦਾ ਹੈ । ਢੈਂਚੇ ਦੀ ਬਿਜਾਈ 20 ਤੋਂ 22 ਸੈਂਟੀਮੀਟਰ ਦੀ ਦੂਰੀ 'ਤੇ ਕਤਾਰਾਂ ਵਿਚ ਬੀਜਣ ਦੀ ਸਿਫਾਰਸ਼ ਕੀਤੀ ਗਈ ਹੈ । ਫਸਲ ਦੀ ਬਿਜਾਈ ਸਮੇਂ 75 ਕਿਲੋ ਸਿੰਗਲ ਸੁਪਰ ਫਾਸਫੋਰਸ ਪਾ ਦਿਓ । ਜੇ ਹਾੜ੍ਹੀ ਦੀ ਫਸਲ ਵਿਚ ਸਿਫਾਰਸ਼ ਮੁਤਾਬਕ ਫਾਸਫੋਰਸ ਦੀ ਵਰਤੋਂ ਕੀਤੀ ਗਈ ਹੋਵੇ ਤਾਂ ਢੈਂਚੇ ਨੂੰ ਇਹ ਖਾਦ ਨਾ ਪਾਓ । ਫਸਲ ਨੂੰ ਜ਼ਮੀਨ ਦੀ ਕਿਸਮ ਅਤੇ ਤਾਪਮਾਨ ਮੁਤਾਬਕ 3-4 ਵਾਰੀ ਪਾਣੀ ਲਾਓ । ਅਪਰੈਲ ਵਿਚ ਬੀਜੇ ਢੈਂਚੇ ਨੂੰ ਅੱਧ ਜੂਨ ਤੱਕ ਖੇਤ ਵਿਚ ਵਾਹ ਦਿਓ । ਇਸ ਸਮੇਂ ਤੱਕ ਇਹ ਫਸਲ ਕਾਫੀ ਵਾਧਾ ਕਰ ਜਾਂਦੀ ਹੈ ਅਤੇ ਝੋਨੇ ਦੀ ਲੁਆਈ ਵੀ ਸਹੀ ਸਮੇਂ 'ਤੇ ਹੋ ਜਾਂਦੀ ਹੈ । ਖੇਤ ਵਿਚ ਝੋਨੇ ਜਾਂ ਬਾਸਮਤੀ ਦੀ ਲੁਆਈ ਤੋਂ 1-2 ਦਿਨ ਪਹਿਲਾਂ ਢੈਂਚੇ ਨੂੰ ਜ਼ਮੀਨ ਵਿਚ ਵਾਹ ਦਿਓ ਪਰ ਮੱਕੀ ਦੀ ਬਿਜਾਈ ਤੋਂ ਲਗਭਗ 10 ਦਿਨ ਪਹਿਲਾਂ ਹਰੀ ਖਾਦ ਨੂੰ ਜ਼ਮੀਨ ਵਿਚ ਵਾਹ ਦੇਣਾ ਚਾਹੀਦਾ ਹੈ ਤਾਂ ਜੋ ਉਹ ਚੰਗੀ ਤਰ੍ਹਾਂ ਗਲ-ਸੜ ਜਾਵੇ ।

**ਸਣ** : ਸਣ ਹਰੀ ਖਾਦ ਵਜੋਂ ਵਰਤੀ ਜਾਣ ਵਾਲੀ ਫਲੀਦਾਰ ਫਸਲ ਹੈ ਜੋ ਛੇਤੀ ਵਧਣ ਦੀ ਯੋਗਤਾ ਰੱਖਦੀ ਹੈ । ਇਹ ਫਸਲ ਖਾਰੀਆਂ ਅਤੇ ਤੇਜ਼ਾਬੀ ਜ਼ਮੀਨੀ




ਹਾਲਤਾਂ ਨੂੰ ਸਹਿਣ ਦੀ ਵੀ ਸਮਰੱਥਾ ਰੱਖਦੀ ਹੈ । ਇਹ ਫਸਲ ਲਗਭਗ 45-90 ਕੁਇੰਟਲ ਹਰਾ ਮਾਦਾ ਜ਼ਮੀਨ ਵਿਚ ਜਮ੍ਹਾਂ ਕਰਨ ਦੇ ਸਮਰੱਥ ਹੈ । ਸਣ ਦੀਆਂ ਪੀ ਏ ਯੂ-1691 ਅਤੇ ਨਰਿੰਦਰ ਸਨਈ-1 ਕਿਸਮਾਂ ਦੀ ਕਾਸ਼ਤ ਪੀਏਯੂ ਵੱਲੋਂ ਸਿਫਾਰਸ਼ ਕੀਤੀ ਗਈ ਹੈ । ਬਿਜਾਈ ਮਗਰੋਂ ਡੇਢ-ਦੋ ਮਹੀਨਿਆਂ ਦੌਰਾਨ ਹੀ ਇਹ ਕਿਸਮਾਂ ਲਗਭਗ 130-190 ਸੈਂਟੀਮੀਟਰ ਤੱਕ ਕੱਦ ਕਰ ਜਾਂਦੀਆਂ ਹਨ । ਇਨ੍ਹਾਂ ਕਿਸਮਾਂ ਦੀ ਕਾਸ਼ਤ ਅਪਰੈਲ ਤੋਂ ਜੁਲਾਈ ਦੌਰਾਨ ਕੀਤੀ ਜਾ ਸਕਦੀ ਹੈ । ਖੇਤ ਦੀ ਤਿਆਰੀ ਮਗਰੋਂ ਬਿਜਾਈ ਲਈ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ 22.5 ਸੈਂਟੀਮੀਟਰ ਵਿੱਥ ਦੀਆਂ ਕ ਤਾਰਾਂ ਵਿਚ ਜਾਂ ਛੱਟੇ ਨਾਲ ਕਰੋ । ਚੰਗੇ ਜੰਮ ਲਈ ਬੀਜ ਨੂੰ ਬਿਜਾਈ ਤੋਂ ਪਹਿਲਾਂ ਕੁੱਝ ਦੇਰ ਲਈ ਪਾਣੀ ਵਿਚ ਭਿਉਣ ਨਾਲ ਜੰਮ੍ਹ ਚੰਗਾ ਹੁੰਦਾ ਹੈ । ਫਸਲ ਦੀ ਬਿਜਾਈ ਸਮੇਂ ਪ੍ਰਤੀ ਏਕੜ 16 ਕਿਲੋ ਫਾਸਫੋਰਸ (100 ਕਿਲੋ ਸਿੰਗਲ ਸੁਪਰ ਫਾਸਫੇਰਸ) ਪਾਉਣ ਦੀ ਜ਼ਰੂਰਤ ਪੈਂਦੀ ਹੈ । ਇਸ ਫਸਲ ਨੂੰ ਜੰਤਰ ਦੇ ਮੁਕਾਬਲੇ ਘੱਟ ਸਿੰਚਾਈਆਂ ਦੀ ਜ਼ਰੂਰਤ ਹੈ; ਸੋ, ਜ਼ਮੀਨ ਦੀ ਕਿਸਮ ਅਤੇ ਮੌਸਮ ਅਨੁਸਾਰ 2-3 ਪਾਣੀ ਹੀ ਕਾਫੀ ਹਨ ।

ਕਣਕ ਝੋਨੇ ਦੇ ਫਸਲੀ ਚੱਕਰ 'ਚ ਕਿਸਾਨਾਂ ਕੋਲ ਕਣਕ ਦੀ ਵਾਢੀ ਤੋਂ ਬਾਅਦ 20 ਜੂਨ ਤੱਕ ਦੋ ਮਹੀਨਿਆਂ ਦਾ ਸਮਾਂ ਹੁੰਦਾ ਹੈ ਜਿਸ ਦੌਰਾਨ ਜੰਤਰ ਜਾਂ ਸਣ ਹੀ ਹਰੀ ਖਾਦ ਕੀਤੀ ਜਾ ਸਕਦੀ ਹੈ । ਹਰੀ ਖਾਦ ਲਈ ਸਿਫਾਰਸ਼ ਕਿਸਮਾਂ ਦੀ ਕਾਸ਼ਤ ਕਰ ਕੇ ਅਤੇ ਹਰੀ ਖਾਦ ਨੂੰ ਜ਼ਮੀਨ ਵਿਚ ਮਿਲਾ ਕੇ ਕਿਸਾਨ ਨਾ ਸਿਰਫ ਜ਼ਮੀਨ ਦੀ ਉਪਜਾਊ ਸ਼ਕਤੀ ਵਧਾ ਸਕਦੇ ਹਨ ਸਗੋਂ ਫਸਲਾਂ ਦਾ ਚੰਗਾ ਝਾੜ ਵੀ ਪ੍ਰਾਪਤ ਕਰ ਸਕਦੇ ਹਨ ।

# ਗਰਮ ਰੁੱਤ ਦੀਆਂ ਦਾਲਾਂ ਲਗਾਈਏ ਖੇਤੀ ਵਿਭਿੰਨਤਾ ਵਿਚ ਯੋਗਦਾਨ ਪਾਈਏ

**ਕਿਸਮਾਂ ਦੀ ਚੋਣ** : ਮੂੰਗੀ ਅਤੇ ਮਾਂਹ ਦੀ ਭਰਪੂਰ ਫਸਲ ਲੈਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਮੂੰਗੀ ਦੀਆਂ ਕਿਸਮਾਂ ਐਸ ਐਮ ਐਲ 1827 (62 ਦਿਨ ਪੱਕਣ ਲਈ ਅਤੇ ਔਸਤਨ ਝਾੜ 5.0 ਕੁਇੰਟਲ ਪ੍ਰਤੀ ਏਕੜ), ਐਸ ਐਮ ਐਲ 832 (61 ਦਿਨ ਪੱਕਣ ਲਈ ਅਤੇ ਔਸਤਨ ਝਾੜ 4.6 ਕੁਇੰਟਲ ਪ੍ਰਤੀ ਏਕੜ), ਐਸ ਐਮ ਐਲ 668 (60 ਦਿਨ ਪੱਕਣ ਲਈ ਅਤੇ ਔਸਤਨ ਝਾੜ 4.5 ਕੁਇੰਟਲ ਪ੍ਰਤੀ ਏਕੜ); ਮਾਂਹ ਦੀਆਂ ਕਿਸਮਾਂ : 1137 (74 ਦਿਨ ਪੱਕਣ ਲਈ ਅਤੇ ਔਸਤਨ ਝਾੜ 4.5 ਕੁਇੰਟਲ ਪ੍ਰਤੀ ਏਕੜ) ਅਤੇ ਮਾਂਹ 1008 (72 ਦਿਨ ਪੱਕਣ ਲਈ ਅਤੇ ਔਸਤਨ ਝਾੜ 4.2 ਕੁਇੰਟਲ ਪ੍ਰਤੀ ਏਕੜ) ਵੀ ਵਰਤੋਂ ਕਰੋ ।



**ਬਿਜਾਈ ਦਾ ਸਮਾਂ** : ਪੂਰਾ ਝਾੜ ਲੈਣ ਲਈ ਮੂੰਗੀ ਦੀ ਫਸਲ 20 ਮਾਰਚ ਤੋਂ 10 ਅਪ੍ਰੈਲ ਅਤੇ ਮਾਂਹ ਦੀ ਫਸਲ 15 ਮਾਰਚ ਤੋਂ ਲੈ ਕੇ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਬੀਜੋ ।

**ਬੀਜ ਦੀ ਮਾਤਰਾ** : ਮੂੰਗੀ ਦੀ ਐਸ ਐਮ ਐਲ 668 ਕਿਸਮ ਲਈ 15 ਕਿਲੋ ਅਤੇ ਬਾਕੀ ਕਿਸਮਾਂ ਲਈ 12 ਕਿਲੋ ਮਾਂਹ ਲਈ 20 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ ।

**ਬਿਜਾਈ ਦਾ ਢੰਗ** : ਦਾਲਾਂ ਦੀ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫਾਸਲਾ 22.5 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 7 ਸੈਂਟੀਮੀਟਰ (ਮੂੰਗੀ ਲਈ); 4-5 ਸੈਂਟੀਮੀਟਰ (ਮਾਂਹ ਲਈ) ਰੱਖੋ ਅਤੇ ਬੀਜ ਦੀ ਡੂੰਘਾਈ 4-6 ਸੈਂਟੀਮੀਟਰ ਰੱਖੋ । ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਉੱਤੇ ਮੂੰਗੀ ਦੀਆਂ ਦੋ ਕਤਾਰਾਂ ਦੀ ਬਿਜਾਈ 20 ਸੈਂਟੀਮੀਟਰ ਦੇ ਫਾਸਲੇ ਤੇ 67.5 ਸੈਂਟੀਮੀਟਰ ਵਿੱਥ ਦੇ ਬੈਂਡਾਂ (37.5 ਸੈਂਟੀਮੀਟਰ ਬੈਂਡ ਅਤੇ 30.0 ਸੈਂਟੀਮੀਟਰ ਖਾਲੀ) ਉੱਤੇ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ 20-30% ਪਾਣੀ ਦੀ ਬੱਚਤ ਹੁੰਦੀ ਹੈ ।

**ਖਾਦ-ਖੁਰਾਕ, ਪਾਣੀ ਅਤੇ ਨਦੀਨ ਪ੍ਰਬੰਧਨ** : ਮੂੰਗੀ ਦੀ ਫਸਲ ਨੂੰ 5 ਕਿਲੋ ਨਾਈਟ੍ਰੋਜਨ (11 ਕਿਲੋ ਯੂਰੀਆ) ਅਤੇ 16 ਕਿਲੋ ਫਾਸਫੋਰਸ (100 ਕਿਲੋ ਸਿੰਗਲ ਸੁਪਰਫਾਸਫੇਟ) ਅਤੇ ਮਾਂਹ ਦੀ ਫਸਲ ਨੂੰ 5 ਕਿਲੋ ਨਾਈਟ੍ਰੋਜਨ (11 ਕਿਲੋ ਯੂਰੀਆ) ਅਤੇ 10 ਕਿਲੋ ਫਾਸਫੋਰਸ (60 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਦੇ ਹਿਸਾਬ ਨਾਲ ਬਿਜਾਈ ਸਮੇਂ ਡਰਿੱਲ ਕਰ ਦਿਉ । ਆਲੂ ਦੀ ਫਸਲ ਤੋਂ ਪਿੱਛੋਂ ਬੀਜੀ ਮੂੰਗੀ ਨੂੰ ਕੋਈ ਖਾਦ ਪਾਉਣ ਦੀ ਲੋੜ ਨਹੀਂ ਪੈਂਦੀ । ਮੌਸਮ ਅਤੇ ਜ਼ਮੀਨ ਦੀ ਕਿਸਮ ਅਨੁਸਾਰ, ਫਸਲ ਨੂੰ 3 ਤੋਂ 5 ਪਾਣੀ ਬਿਜਾਈ ਤੋਂ 25 ਦਿਨਾਂ ਬਾਅਦ ਲਾਉ । ਆਖਰੀ ਪਾਣੀ ਬਿਜਾਈ ਤੋਂ ਤਕਰੀਬਨ 55-60 ਦਿਨਾਂ ਤੱਕ ਲਾਉ ।

ਦਾਲਾਂ ਵਿਚ ਨਦੀਨਾਂ ਦੀ ਰੋਕਥਾਮ ਲਈ ਪਹਿਲੀ ਗੋਡੀ ਬਿਜਾਈ ਤੋਂ 4 ਹਫਤੇ ਬਾਅਦ ਕਰੋ ਜੇ ਲੋੜ ਪਵੇ ਤਾਂ ਦੂਜੀ ਗੋਡੀ ਉਸ ਤੋਂ 2 ਹਫਤੇ ਪਿੱਛੋਂ ਕਰੋ ।

**ਦਾਲਾਂ ਦੀ ਕਟਾਈ ਅਤੇ ਗਹਾਈ** : ਫਸਲ ਦੀ ਕਟਾਈ ਉਸ ਵਕਤ ਕਰੋ ਜਦੋਂ 80 ਪ੍ਰਤੀਸ਼ਤ ਫਲੀਆਂ ਪੱਕ ਜਾਣ । ਦਾਲਾਂ ਦੀ ਗਹਾਈ ਲਈ ਕਿੱਲਿਆਂ ਵਾਲਾ ਕਣਕ ਦਾ ਥਰੈਸ਼ਰ, ਕੁਝ ਫੇਰ ਬਦਲ ਕਰਕੇ ਵਰਤੋ ।

**ਅਮਨਦੀਪ ਕੌਰ ਅਤੇ ਪ੍ਰਭਜੀਤ ਕੌਰ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ,**
**ਮੋਬਾਇਲ : 62844-48445**

# ਮੁਰਗੀਆਂ ਦੇ ਅੰਦਰੂਨੀ ਅਤੇ ਬਾਹਰੀ ਪ੍ਰਜੀਵੀ ਰੋਗ - ਪਹਿਚਾਣ ਅਤੇ ਰੋਕਥਾਮ

ਭਾਰਤ ਦੀ ਬਾਰ੍ਹਵੀਂ ਪਸ਼ੂ ਜਨ ਗਣਨਾ ਅਨੁਸਾਰ ਮੁਰਗੀਆਂ ਦੀ ਸੰਖਿਆ ਵਿੱਚ ਪਹਿਲਾਂ ਨਾਲੋਂ 1239% ਦਾ ਵਾਧਾ ਦਰਜ ਕੀਤਾ ਗਿਆ ਹੈ । ਮੁਰਗੀਆਂ ਵਿੱਚ ਬਿਮਾਰੀਆਂ ਜਿਵੇਂ ਕਿ ਕਿਟਾਂਣੂ ਰੋਗ, ਵਿਸ਼ਾਣੂ ਰੋਗ, ਉਲੀ ਰੋਗ ਅਤੇ ਪਰਜੀਵੀ ਰੋਗ ਮੁਰਗੀਆਂ ਦੀ ਉਤਪਾਦਨ ਸਮਰੱਥਾ ਤੇ ਬਹੁਤ ਅਸਰ ਪਾਉਂਦੇ ਹਨ ।

ਇਨ੍ਹਾਂ ਸਾਰੀਆਂ ਬਿਮਾਰੀਆਂ ਵਿੱਚੋਂ ਪੰਜਾਬ ਦੀਆਂ ਮੁਰਗੀਆਂ ਪਰਜੀਵੀ ਰੋਗਾਂ ਦਾ ਜ਼ਿਆਦਾ ਸ਼ਿਕਾਰ ਹੁੰਦੀਆਂ ਹਨ । ਕਿਉਂਕਿ ਪੰਜਾਬ ਦਾ ਸਿੱਲ੍ਹਾ ਅਤੇ ਗਰਮ ਜਲਵਾਯੂ ਬਾਹਰਲੇ ਅਤੇ ਅੰਦਰਲੇ ਪਰਜੀਵੀਆਂ ਦੇ ਵਧਣ ਫੁੱਲਣ ਵਿੱਚ ਸਹਾਈ ਹੁੰਦਾ ਹੈ ।

**ਪਰਜੀਵੀ ਕੀ ਹੁੰਦੇ ਹਨ ? :-** ਪਰਜੀਵੀ ਅਸਲ ਵਿੱਚ ਛੋਟੇ ਛੋਟੇ ਜੀਵ ਹੁੰਦੇ ਹਨ ਜੋ ਜਾਨਵਰਾਂ ਜਾਂ ਆਦਮੀਆਂ ਦੇ ਸਰੀਰ ਦੇ ਬਾਹਰ ਜਾਂ ਅੰਦਰ ਰਹਿੰਦੇ ਹਨ ਅਤੇ ਉਹਨਾਂ ਤੋਂ ਆਪਣੀ ਖੁਰਾਕ ਲੈਂਦੇ ਹਨ । ਇਹ ਆਪਣੇ ਜੀਵਨ ਚੱਕਰ ਨੂੰ ਪੂਰਾ ਕਰਨ ਲਈ ਪਸ਼ੂਆਂ ਨੂੰ ਬਿਮਾਰ ਅਤੇ ਕਮਜ਼ੋਰ ਕਰ ਦਿੰਦੇ ਹਨ ਬਿਮਾਰੀ ਦਾ ਸਹੀ ਇਲਾਜ ਨਾ ਹੋਣ ਕਾਰਨ ਪਸ਼ੂ ਦੀ ਮੌਤ ਵੀ ਹੋ ਸਕਦੀ ਹੈ । ਪਰਜੀਵੀਆਂ (ਕਿਰਮਾਂ) ਨੂੰ ਆਮ ਤੌਰ ਤੇ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ; ਬਾਹਰਲੇ ਪਰਜੀਵੀ (ਚਮੜੀ ਦੇ ਪਰਜੀਵੀ) ਅਤੇ ਅੰਦਰਲੇ ਪਰਜੀਵੀ । ਮੁਰਗੀਆਂ ਦੇ ਬਾਹਰਲੇ ਅਤੇ ਅੰਦਰਲੇ ਪਰਜੀਵੀਆਂ ਵੱਖ-ਵੱਖ ਸਾਇਜ਼ਾਂ ਵਿੱਚ ਹੁੰਦੇ ਹਨ ।



**ਪਰਜੀਵੀ ਮੁਰਗੀਆਂ ਨੂੰ ਕਿਵੇਂ ਨੁਕਸਾਨ ਪਚਾਉਂਦੇ ਹਨ ? :-**

★ ਭੁੱਖ ਘੱਟਣਾ, ਸਰੀਰਕ ਵਾਧੇ ਦਾ ਰੁਕਣਾ, ਅੰਡਿਆਂ ਦੀ ਪੈਦਾਵਾਰ ਘੱਟਣਾ ਅਤੇ ਮੁਰਗੀਆਂ ਦਾ ਮਰਨਾ ।

★ ਪੈਦਾਵਾਰ ਘਟਣ ਕਰਕੇ ਰੁਪਏ ਪੈਸੇ ਦਾ ਨੁਕਸਾਨ ਹੋ ਜਾਂਦਾ ਹੈ । ਖੁਰਾਕ ਤੋਂ ਖੁਰਾਕੀ ਤੱਤ ਘੱਟ ਮਿਲਣ ਕਾਰਣ ਮਾਸ ਵਾਲੀਆਂ ਮੁਰਗੀਆਂ ਦਾ ਭਾਰ ਘੱਟ ਜਾਣਾ ।

★ ਬਿਮਾਰੀ ਲੱਗਣਾ ਅਤੇ ਬਿਮਾਰੀਆਂ ਵਿਰੁੱਧ ਲੜਨ ਦੀ ਸ਼ਕਤੀ ਘੱਟਣਾ ਦਵਾਈਆਂ ਉੱਪਰ ਖਰਚਾ ਅਤੇ ਵਧੇਰੇ ਮਜ਼ਦੂਰੀ ਦਾ ਖਰਚਾ ।

★ ਪਰਜੀਵੀ ਕਈਂ ਤਰ੍ਹਾਂ ਦੀਆਂ ਬਿਮਾਰੀਆਂ ਫੈਲਾਉਂਦੇ ਹਨ । ਪਰਜੀਵੀ ਕਰਕੇ ਮੁਰਗੀਆਂ ਬਿਮਾਰ ਹੋ ਜਾਂਦੀਆਂ ਹਨ ਅਤੇ ਮਰ ਵੀ ਜਾਂਦੀਆਂ ਹਨ ।

ਆਧੁਨੀਕਰਣ ਦੇ ਦੌਰ ਵਿੱਚ ਮੁਰਗੀਆਂ ਦੀਆਂ ਕਈਂ ਪ੍ਰਜੀਵੀ ਜਾਨਲੇਵਾ ਬਿਮਾਰੀਆਂ ਜਿਵੇਂ ਖੂਨੀ ਦਸਤ, ਮਲੱਪ ਆਦਿ ਵਿੱਚ ਪਹਿਲਾਂ ਨਾਲੋਂ ਕੁਝ ਕਮੀਂ ਹੋਈ ਹੈ । ਪਰ ਫਿਰ ਵੀ ਪਰਜੀਵੀਆਂ ਦੀ ਸਮੱਸਿਆ, ਕਿਟਾਣੂ, ਵਿਸ਼ਾਣੂ ਅਤੇ ਉੱਲੀ ਰੋਗਾਂ ਦੇ ਮੁਕਾਬਲੇ ਵਿੱਚ ਜ਼ਿਆਦਾ ਦੇਖਣ ਨੂੰ ਮਿਲਦੀ ਹੈ ।

ਅੰਦਰੂਨੀ ਪਰਜੀਵੀਆਂ ਵਿੱਚੋਂ ਖੂਨੀ ਦਸਤਾਂ ਦੀ ਸਮੱਸਿਆ ਮੁੱਖ ਹੈ । ਇਕ ਆਮ ਕਹਾਵਤ ਹੈ : ਖੂਨੀ ਦਸਤ-ਮੁਰਗੀ ਪਾਲਕਾਂ ਲਈ ਇੱਕ ਸਿਰ ਦਰਦ । ਇਸ ਲਈ ਸਭ ਤੋਂ ਪਹਿਲਾਂ ਖੂਨੀ ਦਸਤਾਂ ਬਾਰੇ ਜਾਣਕਾਰੀ ਦੇਵਾਂਗਾ ।

ਖੂਨੀ ਦਸਤ-ਮੁਰਗੀਆਂ ਦਾ ਇਕ ਬਹੁਤ ਹੀ ਖਤਰਨਾਕ ਪਰਜੀਵੀ ਰੋਗ ਹੈ ਜੋ ਕਿ ਚੂਚਿਆਂ ਨੂੰ ਜ਼ਿਆਦਾ ਅਤੇ ਵੱਡੀ ਉਮਰ ਦੀਆਂ ਮੁਰਗੀਆਂ ਵਿੱਚ ਘੱਟ ਹੁੰਦਾ ਹੈ । ਬਿਮਾਰੀ ਹੋਣ ਦੀ ਸੂਰਤ ਵਿੱਚ ਮੁਰਗੀ ਪਾਲਕਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਜਾਂਦਾ ਹੈ, ਕਿਉਂਕਿ ਇਸ ਬਿਮਾਰੀ ਨਾਲ ਬਹੁਤ ਸਾਰੇ ਪੰਛੀ ਬਿਮਾਰ ਹੋ ਜਾਂਦੇ ਹਨ ਅਤੇ ਮਰ ਜਾਂਦੇ ਹਨ । ਜੋ ਪੰਛੀ ਬਿਮਾਰੀ ਹੋਣ ਤੋਂ ਬਾਅਦ ਬਚ ਜਾਂਦੇ ਹਨ, ਉਹਨਾਂ ਦਾ ਸਰੀਰਕ ਵਾਧਾ ਘੱਟ ਹੁੰਦਾ ਹੈ, ਜਿਸ ਕਰਕੇ ਮੁਰਗੀ ਪਾਲਕਾਂ ਦੇ ਮੁਨਾਫੇ ਉੱਪਰ ਬਹੁਤ ਅਸਰ ਪੈਂਦਾ ਹੈ । ਮੁਰਗੀਆਂ ਵਿੱਚ ਇਹ ਪਰਜੀਵੀਆਂ ਤੋਂ ਹੋਣ ਵਾਲੀ ਮੁੱਖ ਬਿਮਾਰੀ ਹੈ, ਜੋ ਕਿ ਕੇਵਲ ਭਾਰਤ ਵਿੱਚ ਹੀ ਨਹੀਂ ਬਲਕਿ ਸਾਰੇ ਸੰਸਾਰ ਵਿੱਚ ਹੀ ਬਹੁਤਾਤ ਵਿੱਚ ਹੋਣ ਵਾਲੀ ਬਿਮਾਰੀ ਹੈ ।

**ਕਾਰਣ :-** ਇਹ ਬਿਮਾਰੀ ਕੋਕਸੀਡੀਆ ਨਾਂ ਦੇ ਬਹੁਤ ਹੀ ਸੂਖਮ ਕਿਰਮਾਂ ਕਰਕੇ ਹੁੰਦੀ ਹੈ, ਜੋ ਕਿ ਜਾਨਵਰ ਦੀਆਂ ਅੰਤੜੀਆਂ ਵਿੱਚ ਪਲਦੇ ਹਨ । ਇਹ ਕਿਰਮ ਅੰਤੜੀਆਂ ਦੇ ਵੱਖ ਵੱਖ ਹਿੱਸਿਆਂ ਵਿੱਚ ਰਹਿੰਦੇ ਹਨ ਅਤੇ ਉਹਨਾਂ ਨੂੰ ਖਰਾਬ ਕਰ ਦਿੰਦੇ ਹਨ । ਅੰਤੜੀਆਂ ਵਿੱਚ ਕੋਕਸੀਡੀਆ ਨਾਂ ਦੇ ਇਹ ਪਰਜੀਵ ਸੋਜ਼, ਖੂਨੀ ਜ਼ਖਮ ਅਤੇ ਬਲਗਮ ਪੈਦਾ ਕਰਦੇ ਹਨ, ਜਿਸ ਕਰਕੇ ਚੂਚਿਆਂ ਦਾ ਹਾਜ਼ਮਾ ਵਿਗੜ ਜਾਂਦਾ ਹੈ । ਜਦੋਂ ਰੋਗ ਜ਼ਿਆਦਾ ਗੰਭੀਰ ਰੂਪ ਵਿੱਚ ਹੋਵੇ ਤਾਂ ਅੰਤੜੀਆਂ ਸੁੱਜ਼ ਕੇ ਫੱਟ ਜਾਂਦੀਆਂ ਹਨ । ਜਿਸ ਕਰਕੇ ਚੂਚਿਆਂ ਦੀ ਮੌਤ ਹੋ ਜਾਂਦੀ ਹੈ ।

**ਰੋਗ ਕਾਰਣ ਆਰਥਿਕ ਨੁਕਸਾਨ :-** ਇਸ ਰੋਗ ਕਾਰਣ ਦੁਨੀਆਂ ਭਰ ਦੇ ਮੁਰਗੀ ਪਾਲਕਾਂ ਨੂੰ ਕਾਫੀ ਆਰਥਿਕ ਨੁਕਸਾਨ ਉਠਾਉਂਦਾ ਪੈਂਦਾ ਹੈ । ਅਨੁਮਾਨ ਮੁਤਾਬਿਕ ਇਸ ਬਿਮਾਰੀ ਤੋਂ ਹਰ ਸਾਲ ਤਕਰੀਬਨ 45 ਕਰੋੜ ਰੁਪਏ ਦਾ ਨੁਕਸਾਨ ਹੁੰਦਾ ਹੈ । ਇਸ ਨੁਕਸਾਨ ਦੇ ਕਈ ਕਾਰਣ ਹਨ, ਜਿਵੇਂ ਕਿ ਭੁੱਖ ਘੱਟਣਾ, ਸਰੀਰਕ ਵਾਧੇ ਦਾ ਰੁਕਣਾ, ਅੰਡਿਆਂ ਦੀ ਪੈਦਾਵਾਰ ਘੱਟਣਾ ਅਤੇ ਮੁਰਗੀਆਂ ਦਾ ਮਰਨਾ । ਇਸ ਤੋਂ ਇਲਾਵਾ ਇਸ ਰੋਗ ਤੋਂ ਬਚਣ ਵਾਸਤੇ ਦਵਾਈਆਂ ਦਾ ਖਰਚਾ ਵੀ ਮੁਰਗੀ ਪਾਲਕਾਂ ਵਾਸਤੇ ਕਾਫੀ ਹੁੰਦਾ ਹੈ । ਜੋ ਮੁਰਗੀਆਂ ਇਸ ਬਿਮਾਰੀ ਤੋਂ ਬਚ ਜਾਂਦੀਆਂ, ਉਹ ਕਮਜ਼ੋਰ ਹੋ ਜਾਂਦੀਆਂ ਹਨ । ਕਮਜ਼ੋਰ ਕਾਰਨ ਉਹ ਕਈਂ ਵਾਰ ਹੋਰ ਬਿਮਾਰੀਆਂ ਦਾ ਵੀ ਸ਼ਿਕਾਰ ਹੋ ਜਾਂਦੀਆਂ ਹਨ ।

**ਫੈਲਾਓ : ਬਿਮਾਰੀ ਫੈਲਣ ਦੇ ਸਾਧਨ :** ਬਿਮਾਰੀ ਮੁਰਗੀ (ਚੂਚਿਆਂ) ਦੀਆਂ ਵਿੱਠਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਬਿਮਾਰੀ ਦੇ ਕਿਰਮ (ਅੰਡੇ) ਹੁੰਦੇ ਹਨ । ਇਹ ਅੰਡੇ ਲੰਬੇ ਸਮੇਂ ਤੱਕ ਮੁਰਗੀਆਂ ਦੇ ਵਿਛਾਈ (ਲੀਟਰ) ਵਿੱਚ ਜ਼ਿੰਦਾ ਰਹਿੰਦੇ ਹਨ, ਜਿਸ ਕਰਕੇ ਇਹ ਬਿਮਾਰੀ ਇੱਕ ਮੁਰਗੀ ਤੋਂ ਦੂਜੀ ਨੂੰ ਬਹੁਤ ਜਲਦੀ ਫੈਲਦੀ ਹੈ । ਇਹ ਪਰਜੀਵੀ ਰੋਗ ਮਨੁੱਖ, ਜੰਤਰ-ਔਜ਼ਾਰਾਂ, ਉੱਡਣ ਵਾਲੇ ਪੰਛੀਆਂ, ਪਸ਼ੂਆਂ, ਚੂਹਿਆਂ ਜਾਂ ਕੀੜਿਆਂ ਰਾਹੀਂ ਇੱਕ ਮੁਰਗੀ ਫਾਰਮ ਤੋਂ ਦੂਜੇ ਮੁਰਗੀ ਫਾਰਮ ਜਾਂ ਇੱਕ ਥਾਂ ਤੋਂ ਦੂਜੀ ਥਾਂ ਤੇ ਫੈਲ ਜਾਂਦਾ ਹੈ । ਸੰਤੁਲਿਤ ਖੁਰਾਕ ਨਾ ਹੋਣਾ, ਜ਼ਿਆਦਾ ਗਰਮੀ ਹੋਣਾ, ਟੀਕਿਆਂ ਦਾ ਅਸਰ, ਥੋੜੀ ਜਗ੍ਹਾ ਵਿੱਚ ਮੁਰਗੀਆਂ ਦੀ ਗਿਣਤੀ ਜ਼ਿਆਦਾ ਹੋਣਾ, ਸਫਾਈ ਘੱਟ ਹੋਣਾ, ਵਿਛਾਈ (ਲਿਟਰ) ਗਿੱਲ੍ਹਾ ਹੋਣਾ ਆਦਿ ਗੱਲਾਂ ਦੇ ਹੋਣ ਕਾਰਣ ਬਿਮਾਰੀ ਦਾ ਪ੍ਰਕੋਪ ਬਹੁਤ ਵੱਧ ਜਾਂਦਾ ਹੈ ।

ਇਹ ਬਿਮਾਰੀ ਕਿਰਮਾਂ ਵਾਲੀ ਖੁਰਾਕ ਜਾਂ ਪਾਣੀ ਰਾਹੀਂ ਇਕ ਚੂਚੇ ਤੋਂ ਦੂਜੇ ਚੂਚੇ ਨੂੰ ਹੋ ਸਕਦੀ ਹੈ । ਇਸ ਬਿਮਾਰੀ ਦਾ ਕਾਰਨ ਈਮੀਰੀਆ ਦੇ ਅੰਡੇ ਹਨ, ਜੋ ਕਿ ਵਿਛਾਈ (ਲੀਟਰ) ਵਿੱਚ ਲੰਬੇ ਅਰਸੇ ਤੱਕ ਰਹਿ ਸਕਦੇ ਹਨ ਅਤੇ ਬਿਮਾਰੀ ਦਾ ਕਾਰਨ ਬਣਦੇ ਹਨ ।

**ਬਿਮਾਰੀ ਦੀਆਂ ਕਿਸਮਾਂ :-** ਚੂਚਿਆਂ ਵਿੱਚ ਖੂਨੀ ਦਸਤ ਦੋ ਤਰ੍ਹਾਂ ਦੇ ਹੁੰਦੇ ਹਨ ।

**1. ਸੀਕਲ ਖੂਨੀ ਦਸਤ :** ਇਹ ਬਿਮਾਰੀ 2-9 ਹਫਤੇ ਦੇ ਚੂਚਿਆਂ ਵਿੱਚ ਹੁੰਦੀ ਹੈ, ਬਿਮਾਰੀ ਦਾ ਜ਼ੋਰ ਪੰਜਵੇਂ ਹਫਤੇ ਜ਼ਿਆਦਾ ਹੁੰਦਾ ਹੈ । ਬਿਮਾਰੀ ਈਮੀਰੀਆ ਟਨੈਲਾ ਨਾ ਦੇ ਕਿਰਮ ਕਰਕੇ ਹੁੰਦੀ ਹੈ ।

**2. ਅੰਤੜੀਆਂ ਦੇ ਖੂਨੀ ਦਸਤ :** ਇਹ ਬਿਮਾਰੀ 8-10 ਹਫਤਿਆਂ ਦੀਆਂ ਮੁਰਗੀਆਂ ਵਿੱਚ ਜ਼ਿਆਦਾ ਹੁੰਦੀ ਹੈ, ਪਰ ਹਰ ਉਮਰ ਦੀਆਂ ਮੁਰਗੀਆਂ ਨੂੰ ਇਹ ਬਿਮਾਰੀ ਵੀ ਹੋ ਸਕਦੀ ਹੈ ।

ਬਿਮਾਰੀ ਦੇ ਕਿਰਮ ਨਿਰਧਾਰਿਤ ਥਾਂ ਉੱਪਰ ਅਸਰ ਕਰਦੇ ਹਨ, ਇਸ ਲਈ ਬਿਮਾਰੀ ਨੂੰ ਸੀਕਲ ਅਤੇ ਅੰਤੜੀਆਂ ਦੇ ਖੂਨੀ ਦਸਤਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ ।

**ਲੱਛਣ :** ਖੰਭਾਂ ਦਾ ਖਿੰਡਣਾ, ਕਲਗੀ ਦਾ ਪੀਲਾ ਹੋਣਾ, ਭੁੱਖ ਘੱਟਣਾ, ਪਿਆਸ ਵੱਧ ਜਾਣਾ, ਸਰੀਰਕ ਵਾਧੇ ਦਾ ਘੱਟਣਾ, ਖੂਨ ਦੀ ਘਾਟ, ਅੰਡਿਆਂ ਦੀ ਪੈਦਾਵਾਰ ਘੱਟਣਾ । ਇਸ ਬਿਮਾਰੀ ਦੀ ਸਭ ਤੋਂ ਮਹੱਤਵਪੂਰਨ ਲੱਛਣ ਪਤਲੀਆਂ, ਪੀਲੀਆਂ, ਜਾਂ ਭੂਰੀਆਂ ਅਤੇ ਕਈਂ ਵਾਰ ਖੂਨੀ ਵਿੱਠਾਂ ਵੇਲੇ ਤਕਲੀਫ ਅਤੇ ਚਲਣ ਫਿਰਨ ਵਿੱਚ ਕਸ਼ਟ ਹੋਣਾ ਹੁੰਦਾ ਹੈ । ਕਈਂ ਚੂਚੇ 4 ਤੋਂ 6 ਦਿਨ ਦੇ ਅੰਦਰ ਹੀ ਮਰ ਜਾਂਦੇ ਹਨ । ਮਰਨ ਦਾ ਕਾਰਨ ਖੂਨੀ ਦਸਤ ਹੁੰਦਾ ਹੈ । ਕਈ ਮੁਰਗੀਆਂ ਜੋ ਇਸ ਬਿਮਾਰੀ ਤੋਂ ਬਚ ਜਾਂਦੀਆਂ ਹਨ, ਉਹਨਾਂ ਵਿੱਚ ਬਿਮਾਰੀ ਨਾਲ ਲੜਨ ਦੀ ਤਾਕਤ ਆ ਜਾਂਦੀ ਹੈ । ਅੰਤੜੀਆਂ ਦੇ ਰੋਗੀ ਹਿੱਸੇ ਵਿੱਚ ਸੋਜ਼ ਹੋ ਜਾਂਦੀ ਹੈ, ਇਸ ਤੋਂ ਇਲਾਵਾ ਖੂਨੀ ਜ਼ਖਮ ਵੀ ਹੋ ਜਾਂਦਾ ਹੈ । ਜਿਸ ਕਰਕੇ ਮਰੀ ਹੋਈ ਮੁਰਗੀ ਦੀਆਂ ਅੰਤੜੀਆਂ ਵਿੱਚ ਛੋਟੇ ਛੋਟੇ ਖੂਨੀ ਧੱਬੇ ਨਜ਼ਰ ਆਉਂਦੇ ਹਨ । ਚੂਚੇ ਅੱਖਾਂ ਬੰਦ ਕਰ ਲੈਂਦੇ ਹਨ ਅਤੇ ਖੂੰਜਿਆਂ ਵਿੱਚ ਇਕੱਠੇ ਹੋ ਜਾਂਦੇ ਹਨ ।

**ਪਛਾਣ :** 1. ਵਿੱਠਾਂ ਵਿੱਚ ਖੂਨ ਦਾ ਆਉਣਾ, ਮੁਰਗੀਆਂ ਦਾ ਸੁਸਤ ਹੋਣਾ ।

2. ਚੀਰ ਫਾੜ ਕਰਨ ਤੇ ਅੰਤੜੀਆਂ ਫੁੱਲੀਆਂ ਹੋਈਆਂ ਹੁੰਦੀਆਂ ਹਨ । ਕਈਂ ਵਾਰ ਪੰਛੀ ਦੀ ਅੰਤੜੀ ਤੇ ਛੋਟੇ-ਛੋਟੇ ਬਿੰਦੂ ਵਰਗੇ ਦਾਗ ਬਣ ਜਾਂਦੇ ਹਨ ਅਤੇ ਖੂਨੀ ਜ਼ਖਮ ਇਸ ਬਿਮਾਰੀ ਦੀ ਪੱਕੀ ਪਹਿਚਾਣ ਹੈ ।

3. ਵਿੱਠਾਂ ਦੀ ਜਾਂਚ ਕਰਕੇ । ਖੁਰਦਬੀਨ ਹੇਠ ਅਸੀਂ ਈਮੀਰੀਆ ਦੇ ਅੰਡੇ ਵੇਖ ਕੇ ਵੀ ਇਸ ਬਿਮਾਰੀ ਦੀ ਹੋਂਦ ਦਾ ਪਤਾ ਲਗਾ ਸਕਦੇ ਹਾਂ ।

4. ਸੀਕਲ ਖੂਨੀ ਦਸਤ ਹੋਣ ਦੀ ਸੂਰਤ ਵਿੱਚ ਖੂਨੀ ਦਸਤ ਲੱਗ ਜਾਂਦੇ ਹਨ । ਖੂਨੀ ਦਸਤਾਂ ਨਾਲ ਮਿਲਦੀ ਜੁਲਦੀ ਇਕ ਹੋਰ ਖੂਨ ਵਗਣ ਦੀ ਬਿਮਾਰੀ ਹੈ ਜਿਸ ਵਿੱਚ ਪੰਛੀ ਦਾ ਖੂਨ ਜ਼ਿਆਦਾ ਨਿਕਲ ਜਾਂਦਾ ਹੈ । ਇਸ ਵਿੱਚ ਵਿਟਾਮਿਨ ਕੇ ਦੀ ਘਾਟ ਹੋ ਜਾਂਦੀ ਹੈ । ਇਸ ਹਾਲਤ ਵਿੱਚ ਮੁਰਗੀਆਂ ਨੂੰ ਵਿਟਾਮਿਨ ਕੇ ਦੁਗਣੀ ਮਾਤਰਾ ਵਿੱਚ ਅਤੇ ਸਪਰੇਟਾ ਦੁੱਧ ਦੇਣਾ ਚਾਹੀਦਾ ਹੈ ।

**ਇਲਾਜ :** ਸਭ ਤੋਂ ਜ਼ਰੂਰੀ ਹੈ ਕਿ ਜਦੋਂ ਵੀ ਇਸ ਤਰ੍ਹਾਂ ਦੇ ਲੱਛਣ ਮੁਰਗੀਆਂ ਵਿੱਚ ਵੇਖੇ ਜਾਣ, ਇੱਕ ਚੰਗੇ ਵੈਟਨੇਰੀਅਨ ਕੋਲੋਂ ਸਲਾਹ ਲੈਣੀ ਚਾਹੀਦੀ ਹੈ ਤਾਂ ਕਿ ਉਹ ਬਿਮਾਰੀ ਦੀ ਸਹੀ ਪਹਿਚਾਣ ਕਰਕੇ ਸਹੀ ਦਵਾਈ / ਕੋਕਸੀਡੀਓਸਟੈਟ ਦੱਸਣ ।

ਕੋਕਸੀਡੀਆ ਜਾਂ ਖੂਨੀ ਦਸਤਾਂ ਦੇ ਪਰੀਜੀਵੀਆਂ ਤੋਂ ਇਲਾਵਾ ਮਲੱਪ ਜਾਂ ਗੋਲ ਕੀੜੇ, ਫੀਤੇਦਾਰ ਕੀੜੇ (ਰੈਲੇਟੀਨਾਂ) ਅਤੇ ਚੱਪਟੇ ਜਾਂ ਪੱਤੇਦਾਰ ਕੀੜੇ (ਪਰੋਸਥੋਗੋਨੀਮਸ) ਵੀ ਕਾਫੀ ਨੁਕਸਾਨ ਕਰਦੇ ਹਨ ।

**ਮਲੱਪ ਰੋਗ ਜਾਂ ਗੋਲ ਕੀੜੇ :** ਐਸਕੀਰੀਡੀਆ ਨਾਂ ਦੇ ਗੋਲ ਮਲ੍ਹੱਪ ਜਿਨ੍ਹਾਂ ਨੂੰ ਕਿਸਾਨ ਵੀਰ ਗੋਲ ਕੀੜੇ ਵੀ ਕਹਿੰਦੇ ਹਨ, ਦਾ ਸ਼ਿਕਾਰ ਜ਼ਿਆਦਾਤਰ ਛੋਟੇ ਚੂਚੇ ਹੁੰਦੇ ਹਨ । ਇਹ ਮੁਰਗੀਆਂ ਲਈ ਕਾਫੀ ਨੁਕਸਾਨ ਦਾਇਕ ਹੁੰਦੇ ਹਨ । ਕਿਉਂਕਿ ਉਹਨਾਂ ਦੇ ਵੱਧਣ ਫੁੱਲਣ ਵਿੱਚ ਅੜਿਕਾ ਹਨ । ਐਸਕੀਰੀਡੀਆ ਦੇ ਮਲ੍ਹੱਪਾਂ ਕਰਕੇ ਚੂਚਿਆਂ ਵਿੱਚ ਮੌਤ ਵੀ ਹੋ ਸਕਦੀ ਹੈ । ਕਈਂ ਵਾਰ ਜਿੰਦਾ ਮਲੱਪ ਜੋ ਕਿ 3-4 ਇੰਚ ਲੰਮੇ ਹੁੰਦੇ ਹਨ ਜੋ ਮਲ ਨਾਲ ਬਾਹਰ ਨਿਕਲਦੇ ਦੇਖੇ ਜਾਂਦੇ ਹਨ । ਕਈਂ ਵਾਰ ਅੰਤੜੀਆਂ ਵਿੱਚ ਬੰਨ ਪਾ ਦਿੰਦੇ ਹਨ ।

ਇਨ੍ਹਾਂ ਪਰਜੀਵੀਆਂ ਕਰਕੇ ਮੁਰਗੀਆਂ ਨੂੰ ਭੁੱਖ ਘੱਟ ਲਗਦੀ ਹੈ, ਸਰੀਰਕ ਵਾਧਾ ਰੁੱਕ ਜਾਂਦਾ ਹੈ । ਅੰਡਿਆਂ ਦੀ ਪੈਦਾਵਾਰ ਘੱਟਦੀ ਹੈ ਅਤੇ ਮੁਰਗੀਆਂ ਮਰ ਵੀ ਜਾਂਦੀਆਂ ਹਨ । ਪੈਦਾਵਾਰ ਘਟਣ ਕਰਕੇ ਰੁਪਏ ਪੈਸੇ ਦਾ ਨੁਕਸਾਨ ਹੋ ਜਾਂਦਾ ਹੈ । ਖੁਰਾਕ ਤੋਂ ਖੁਰਾਕੀ ਤੱਤ ਘੱਟ ਮਿਲਣ ਕਾਰਣ ਮਾਸ ਵਾਲੀਆਂ ਮੁਰਗੀਆਂ ਦਾ ਭਾਰ ਘੱਟ ਜਾਂਦਾ ਹੈ । ਬਿਮਾਰੀਆਂ ਵਿਰੁੱਧ ਲੜਨ ਦੀ ਸ਼ਕਤੀ ਘੱਟ ਜਾਂਦੀ ਹੈ । ਵਿੱਠਾਂ ਵਿੱਚ ਅੰਡਿਆਂ ਨੂੰ ਦੇਖ ਕੇ ਰੋਗ ਦੀ ਪਹਿਚਾਨ ਕੀਤੀ ਜਾਂਦੀ ਹੈ । ਮਲੱਪ ਰਹਿਤ ਕਰਨ ਦੀ ਦਵਾਈ ਪਿਪਰਾਜੀਲ ਦਾ ਪਾਊਡਰ ਜਾਂ ਘੋਲ, ਆਲ ਬੈਨਡਾਜ਼ੋਲ ਅਤੇ ਫੈਨਬੈਨਡਾਜ਼ੋਲ ਆਦਿ ਦਵਾਈਆਂ ਡਾਕਟਰ ਦੀ ਸਲਾਹ ਅਨੁਸਾਰ ਦਿਉ । ਰੋਕਥਾਮ ਲਈ ਮੁਰਗੀਆਂ ਨੂੰ ਸਾਫ-ਸੁਥਰੀ ਖੁਰਾਕ ਅਤੇ ਪਾਣੀ ਦਿਉ । ਮੁਰਗੀਆਂ ਦੇ ਬਾਹਰੀ ਪ੍ਰਜੀਵੀਆਂ ਵਿੱਚ ਜੂੰਆਂ, ਚੰਮ ਜੂੰਆਂ, ਚਿੱਚੜ, ਪਿੱਸੂ, ਖਟਮਲ ਅਤੇ ਮੱਖੀਆਂ ਹੁੰਦੇ ਹਨ ।

**ਜੂੰਆਂ :** ਜੂੰਆਂ ਆਪਣਾ ਸਾਰਾ ਜੀਵਨ ਕਾਲ ਮੁਰਗੀ ਦੇ ਸਰੀਰ ਉੱਪਰ ਹੀ ਪੂਰਾ ਕਰਦੀਆਂ ਹਨ । ਜੂੰਆਂ ਦੇ ਅੰਡੇ ਖੰਭਾਂ ਦੇ ਅੰਦਰ ਚਿਪਕੇ ਹੁੰਦੇ ਹਨ । ਜੂੰਆਂ ਦੀ ਸਮੱਸਿਆ ਸਰਦੀ ਰੁੱਤ ਵਿੱਚ ਜ਼ਿਆਦਾ ਹੁੰਦੀ ਹੈ । ਜ਼ਿਆਦਾ ਜੂੰਆਂ ਖੂਨ ਚੂਸ ਕੇ ਖੂਨ ਦੀ ਕਮੀਂ ਵੀ ਕਰ ਦਿੰਦੀਆਂ ਹਨ । ਛੋਟੇ ਅਤੇ ਕਮਜ਼ੋਰ ਜਾਨਵਰ ਵਿੱਚ ਇਹਨਾਂ ਦਾ ਅਸਰ ਜ਼ਿਆਦਾ ਹੁੰਦਾ ਹੈ ।

**ਚੰਮ ਜੂੰਆਂ :** ਚੰਮ ਜੂੰਆਂ ਚਮੜੀ ਦੇ ਅੰਦਰ ਰਹਿਣ ਵਾਲੇ ਸੂਖਮ ਕਿਸਮ ਦੇ ਪ੍ਰਜੀਵੀ ਹੁੰਦੇ ਹਨ ਜੋ ਕਿ ਖੁਰਦਬੀਨ ਜਾਂ ਪਰਖਣ ਵਾਲੇ ਸ਼ੀਸ਼ੇ ਨਾਲ ਹੀ ਦੇਖੇ ਜਾ ਸਕਦੇ ਹਨ । ਆਪਣੀ ਖੁਰਾਕ ਪਸ਼ੂ ਦੀ ਚਮੜੀ ਅਤੇ ਚਮੜੀ ਤੋਂ ਨਿਕਲਣ ਵਾਲੇ ਪਾਣੀ ਤੋਂ ਲੈਂਦੀਆਂ ਹਨ । ਜ਼ਿਆਦਾ ਮਾਤਰਾ ਵਿੱਚ ਹੋਣ ਕਾਰਨ ਮੁਰਗੀਆਂ ਵਿੱਚ ਖੂਨ ਦੀ ਭਾਰੀ ਕਮੀਂ, ਭਾਰ ਦਾ ਘੱਟਣਾ, ਭੁੱਖ ਦਾ ਘੱਟ ਹੋਣਾ, ਅੰਡੇ ਅਤੇ ਮੀਟ ਦੀ ਘੱਟ ਪੈਦਾਵਾਰ ਅਤੇ ਜਲਣ ਦਾ ਹੋਣਾ ।

ਚੰਮ ਜੂੰਆਂ 7-10 ਦਿਨਾਂ ਵਿੱਚ ਆਪਣਾ ਜੀਵਨ ਚੱਕਰ ਕਾਲ ਪੂਰਾ ਕਰ ਲੈਂਦੀਆਂ ਹਨ । ਇਹ ਸ਼ੈਂਡਾਂ ਦੇ ਫਰਸ਼ ਅਤੇ ਕੰਧਾਂ ਦੀਆਂ ਦਰਜ਼ਾਂ, ਪਿੰਜਰੇ ਅਤੇ ਮੁਰਗੀਆਂ ਦੇ ਹੇਠ ਰੱਖੇ ਜਾਣ ਵਾਲੇ ਫੂਸ ਅੰਦਰ ਰਹਿੰਦੀਆਂ ਹਨ । ਚੰਮ ਜੂੰਆਂ ਦੀ ਸਮੱਸਿਆ ਬਰਾਇਲਰਾਂ ਵਿੱਚ ਅੰਡੇ ਦੇਣ ਵਾਲੀਆਂ ਮੁਰਗੀਆਂ ਦੇ ਸਰੀਰ ਦੀ ਜਾਂਚ ਕਰਨ ਨਾਲ ਨਹੀਂ ਲਗਾਇਆ ਜਾ ਸਕਦਾ, ਬਲਕਿ ਸ਼ੈਂਡ ਦੀ ਬਾਰੀਕੀ ਨਾਲ ਜਾਂਚ ਕਰਨ ਉਪਰੰਤ ਹੀ ਲਗ ਸਕਦਾ ਹੈ ।

**ਪਿੱਸੂ :** ਮੁਰਗੀਆਂ ਵਿੱਚ ਸਟਿਕ ਟਾਇਟ ਨਾਲ ਪਿੱਸੂ ਹੁੰਦਾ ਹੈ । ਪਿੱਸੂ ਇਕ ਮਹੀਨੇ ਵਿੱਚ ਆਪਣਾ ਜੀਵਨ ਚੱਕਰ ਕਾਲ ਪੂਰਾ ਕਰ ਲੈਂਦੇ ਹਨ । ਇਹ ਫਰਸ਼ ਅਤੇ ਕੰਧਾਂ ਦੀਆਂ ਦਰਜਾ ਅੰਦਰ ਰਹਿੰਦੇ ਹਨ । ਬਹੁਤਾਤ ਮਾਤਰਾ ਵਿੱਚ ਮੁਰਗੀਆਂ ਲਈ ਜਾਨਲੇਵਾ ਹੋ ਸਕਦੇ ਹਨ । ਮਾਦਾ ਪਿੱਸੂ ਅੰਡੇ ਦੇਣ ਲਈ ਸਰੀਰ ਦੀ ਡੂੰਘਾਈ ਵਿੱਚ ਚਲੇ ਜਾਂਦੇ ਹਨ ਜਿਸ ਨਾਲ ਸਰੀਰ ਉੱਪਰ ਛਾਲੇ ਪੈ ਜਾਂਦੇ ਹਨ ।

**ਚਿੱਚੜ :** ਮੁਰਗੀਆਂ ਵਿੱਚ ਨਰਮ ਚਿੱਚੜ (ਅਰਗਸ ਪਰਸੀਕਸ) ਹੁੰਦਾ ਹੈ । ਖੂਨ ਚੂਸ ਕੇ ਫੁੱਲੇ ਹੋਏ ਮਾਦਾ ਚਿੱਚੜ ਦਾ ਰੰਗ ਸਲੇਟੀ ਹੁੰਦਾ ਹੈ ਜਦੋਂ ਕਿ ਭੁੱਖੇ ਚਿੱਚੜ ਦਾ ਰੰਗ ਪੀਲਾ ਭੂਰਾ ਹੁੰਦਾ ਹੈ, ਜਿਸ ਵਿੱਚੋਂ ਗੂੜੇ ਰੰਗ ਦੀ ਅੰਤੜੀ ਆਸਾਨੀ ਨਾਲ ਦਿੱਖ ਜਾਂਦੀ ਹੈ । ਇਹ ਚਿੱਚੜ ਬਿਨਾਂ ਖਾਧੇ ਪੀਤੇ ਪੰਜ ਸਾਲ ਤੱਕ ਜ਼ਿੰਦਾ ਰਹਿ ਸਕਦਾ ਹੈ । ਚਿੱਚੜ ਮੁਰਗੀਆਂ ਉੱਪਰ ਰਾਤ ਸਮੇਂ ਹਮਲਾ ਕਰਦੇ ਹਨ, ਜਿਸ ਕਾਰਨ ਮੁਰਗੀਆਂ ਵਿੱਚ ਬੇਚੈਨੀ, ਬਹੁਤਾਰ ਮਾਤਰਾ ਵਿੱਚ ਖੂਨ ਦੀ ਕਮੀਂ, ਅੰਡੇ ਦੀ ਪੈਦਾਵਾਰ ਦਾ ਘੱਟ ਹੋਣਾ, ਮੁਰਗੀਆਂ ਵਿੱਚ ਅਧਰੰਗ ਦਾ ਕਾਰਨ ਬਣਦੇ ਹਨ । ਮੁਰਗੀਆਂ ਵਿੱਚ ਕੀਟਾਣੂ ਰੋਗ ਸਪਾਈਰੋਕੀਟੋਸਿਸ (ਚਿੱਚੜਾਂ ਦਾ ਬੁਖਾਰ) ਵੀ ਇਸ ਚਿੱਚੜ ਨਾਲ ਫੈਲਦਾ ਹੈ ।

**ਮੱਖੀਆਂ ਮੱਛਰ :** ਮੁਰਗੀਆਂ ਦੇ ਸ਼ੈਂਡਾਂ ਅੰਦਰ ਅਤੇ ਆਲੇ ਦੁਆਲੇ ਮੱਖੀਆਂ ਮੱਛਰਾਂ ਦੀ ਸਮੱਸਿਆ ਆਮ ਹੁੰਦੀ ਹੈ । ਮੱਖੀਆਂ ਜਿਵੇਂ ਕਿ ਘਰੇਲੂ ਮੱਖੀ (ਮਸਕਾ ਡੋਮੇਸਟਿਕਾ), ਕਾਲੀ ਮੱਖੀ (ਸਾਈਮੁਲੀਅਮ) ਆਦਿ । ਇਹ ਮੱਖੀਆਂ ਮੱਛਰ ਮੁਰਗੀਆਂ ਨੂੰ ਪ੍ਰੇਸ਼ਾਨੀ ਤੋਂ ਇਲਾਵਾ ਕਈਂ ਤਰ੍ਹਾਂ ਦੀਆਂ ਕੀਟਾਣੂੰ, ਜੀਵਾਣੂੰ ਰੋਗ ਪ੍ਰਜੀਵੀ ਬੁਖਾਰ ਫੈਲਾਉਣ ਦਾ ਕਾਰਨ ਬਣਦੇ ਹਨ ।

**ਰੋਕਥਾਮ :** ਪਰਜੀਵੀਆਂ ਦੀ ਰੋਕਥਾਮ ਲਈ ਹੇਠ ਲਿਖੀਆਂ ਗੱਲਾਂ ਨੂੰ ਅਮਲੀ ਰੂਪ ਦੇਣਾ ਚਾਹੀਦਾ ਹੈ ।

1. ਵਿਛਾਈ ਜਾਂ ਸੁੱਕ (ਲਿਟਰ) ਸੁੱਕੀ ਰੱਖਣ ਨਾਲ ਬਿਮਾਰੀਆਂ ਦੀ ਸੰਭਾਵਨਾ ਘੱਟ ਜਾਂਦੀ ਹੈ । ਨਮੀਂ ਵਾਲੇ ਜਾਂ ਗਿੱਲੇ ਲਿਟਰ ਇਹ ਮੁਸ਼ਕਿਲ ਜ਼ਿਆਦਾ ਹੁੰਦੀ ਹੈ । ਗਿੱਲੀ ਲਿਟਰ ਨੂੰ ਉਸੇ ਵੇਲੇ ਬਦਲ ਦੇਣਾ ਚਾਹੀਦਾ ਹੈ । ਬਰਸਾਤ ਦੀ ਰੁੱਤ ਵਿੱਚ ਇਕ ਕਿਲੋ ਚੂਨਾ 20 ਵਰਗ ਫੁੱਟ ਥਾਂ ਲਈ ਵਰਤਣ ਨਾਲ ਸਿੱਲ ਘੱਟ ਜਾਂਦੀ ਹੈ ।

2. ਵੱਖ-ਵੱਖ ਉਮਰ ਦੇ ਚੂਚਿਆਂ ਅਤੇ ਮੁਰਗੀਆਂ ਨੂੰ ਵੱਖ-ਵੱਖ ਵਗਲਿਆਂ ਵਿੱਚ ਰੱਖੋ ।

3. ਬਿਮਾਰੀ ਫੈਲਣ ਦੀ ਸੂਰਤ ਵਿੱਚ ਮੁਰਗੀਆਂ ਨੂੰ ਕੱਪੜੇ ਧੋਣ ਵਾਲੇ ਸੋਡੇ ਜਾਂ 1% ਨਸ਼ਾਦਰ ਦੇ ਘੋਲ ਨਾਲ ਸਾਫ ਕਰਨਾ ਚਾਹੀਦਾ ਹੈ । 10% ਅਮੋਨੀਆਂ ਵੀ ਕਿਰਮਾਂ ਨੂੰ 45 ਮਿੰਟਾਂ ਵਿੱਚ ਮਾਰ ਦਿੰਦੀ ਹੈ ।

4. ਮਰੇ ਹੋਏ ਚੂਚਿਆਂ ਨੂੰ ਟੋਏ ਵਿੱਚ ਦੱਬ ਦਿਓ ਜਾਂ ਫਿਰ ਸਾੜ ਦਿਓ ।

5. ਇਹ ਧਿਆਨ ਰੱਖਿਆ ਜਾਵੇ ਕਿ ਤੁਸੀਂ ਪਹਿਲਾਂ ਸਿਹਤਮੰਦ ਚੂਚਿਆਂ ਦੀ ਦੇਖਭਾਲ ਕਰ ਰਹੇ ਹੋ, ਬਾਅਦ ਵਿੱਚ ਬਿਮਾਰਾਂ ਦੀ ।

6. ਮੁਰਗੀਖਾਨੇ ਵਿੱਚ ਬਹੁਤੀ ਭੀੜ ਨਹੀਂ ਹੋਣੀ ਚਾਹੀਦੀ ।

7. ਇਹ ਚੰਗਾ ਹੋਵੇਗਾ ਕਿ ਜੇਕਰ ਵਿਛਾਵਣ ਤਰੀਕੇ ਦੀ ਬਜਾਏ ਪਿੰਜਰੇ ਵਿੱਚ ਮੁਰਗੀਆਂ ਰੱਖਣ ਵਾਲਾ ਤਰੀਕਾ ਵਰਤਿਆ ਜਾਵੇ ।

8. ਆਸੇ ਪਾਸੇ ਦਾ ਸਾਫ ਵਾਤਾਵਰਣ ਅਤੇ ਲਗਾਤਾਰ ਸਫਾਈ ਰੱਖਣ ਨਾਲ ਇਸ ਰੋਗ ਦੀ ਪਰਕੋਪੀ ਘੱਟ ਜਾਂਦੀ ਹੈ । ਇਸ ਲਈ ਮੁਰਗੀਖਾਨੇ ਵਿਚਲੇ ਬਰਤਨ ਅਤੇ ਹੋਰ ਸਾਮਾਨ ਆਦਿ ਬਿਲਕੁਲ ਸਾਫ ਰੱਖੋ ਅਤੇ ਅਕਸਰ ਮੁਰਗੀ ਖਾਨੇ ਦੀ ਸਫਾਈ ਕਰਵਾਉਂਦੇ ਰਹੋ ।

9. ਚੂਚਿਆਂ ਲਈ ਅਤੇ ਪਾਣੀ ਅਤੇ ਖੁਰਾਕ ਲਈ ਲੋੜੀਂਦੀ ਥਾਂ ਦੇਣੀ ਚਾਹੀਦੀ ਹੈ । ਮੁਰਗੀਆਂ ਨੂੰ ਚੰਗੀ ਖੁਰਾਕ ਦਿਓ । ਜਿਸ ਵਿੱਚ ਵਾਧੂ ਪ੍ਰੋਟੀਨ, ਖਣਿਜ ਪਦਾਰਥ, ਵਿਟਾਮਿਨ ਏ, ਬੀ ਅਤੇ ਕੇ ਦੇਣੇ ਚਾਹੀਦੇ ਹਨ । ਪੰਛੀਆਂ ਨੂੰ ਛੇਤੀ ਠੀਕ ਕਰਨ ਲਈ ਤਾਜ਼ਾ ਪਾਣੀ ਅਤੇ ਚੰਗੀ ਖੁਰਾਕ ਦਿਓ ।

10. ਪਸ਼ੂਆਂ, ਉੱਡਣ ਵਾਲੇ ਪੰਛੀਆਂ, ਚੂਹਿਆਂ ਜਾਂ ਕੀੜਿਆਂ ਨੂੰ ਮੁਰਗੀ ਖਾਨੇ ਵਿੱਚ ਜਾਣ ਤੋਂ ਰੋਕੋ ।

11. ਬਿਮਾਰੀ ਹੋਣ ਦੀ ਸੂਰਤ ਵਿੱਚ ਪਸ਼ੂਆਂ ਦੇ ਡਾਕਟਰ ਜਾਂ ਕਿਸੇ ਮੁਰਗੀ ਮਾਹਿਰ ਨੂੰ ਮਿਲਣਾ ਚਾਹੀਦਾ ਹੈ ।

12. ਮੁਰਗੀਖਾਨੇ ਵਿੱਚ ਧੁੱਪ ਅਤੇ ਰੌਸ਼ਨੀ ਦਾ ਸਹੀ ਪ੍ਰਬੰਧ ਹੋਣਾ ਚਾਹੀਦਾ ਹੈ ।

**- ਲਛਮਣ ਦਾਸ ਸਿੰਗਲਾ**
**ਪਸ਼ੂ ਪਰਜੀਵੀ ਵਿਗਿਆਨ ਵਿਭਾਗ**

# ਕਣਕ ਦੀ ਵਾਢੀ ਦੌਰਾਨ ਹੋਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਅਗੇਤੇ ਪ੍ਰਬੰਧ



ਬ੍ਰਿਸ ਭਾਨ ਬੁਜਰਕ,
ਕਾਹਨਗੜ੍ਹ ਰੋਡ ਪਾਤੜਾਂ,
ਜਿਲ੍ਹਾ ਪਟਿਆਲਾ
ਮੋ. 98761-01698

ਪਿਛਲੇ ਦਿਨੀਂ ਪੰਜਾਬ ਅੰਦਰ ਹੋਈ ਗੜੇਮਾਰੀ, ਚੱਲੇ ਝੱਖੜ ਅਤੇ ਹੋਈ ਬੇਮੌਸਮੀ ਬਰਸਾਤ ਕਾਰਨ ਰਾਜ ਦੇ ਕਈ ਜ਼ਿਲ੍ਹਿਆਂ 'ਚ ਕਣਕ ਦਾ ਬਹੁਤ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ। ਖਾਸ ਕਰਕੇ ਮਾਝੇ ਤੇ ਦੁਆਬੇ 'ਚ ਸੈਂਕੜੇ ਏਕੜ ਕਣਕ ਦੀ ਫਸਲ ਖਰਾਬ ਹੋਈ ਹੈ, ਜਿਸ ਦੀ ਭਰਪਾਈ ਕਰਨੀ ਬਹੁਤ ਹੀ ਮੁਸ਼ਕਿਲ ਹੈ। ਜਿਹੜੇ ਜ਼ਿਲ੍ਹਿਆਂ 'ਚ ਥੋੜ੍ਹੀ-ਬਹੁਤ ਕਣਕ ਦੀ ਫਸਲ ਦਾ ਬਚਾਅ ਹੋਇਆ ਹੈ। ਉਸ ਦੀ ਜ਼ਿੰਮੇਵਾਰੀ ਨਾਲ ਬਚਾਇਆ ਜਾ ਸਕਦਾ ਹੈ ਕਿ ਖੇਤ 'ਚ ਖੜ੍ਹੀ ਕਣਕ ਜਾਂ ਨਾੜ ਨੂੰ ਅੱਗ ਨਾ ਲੱਗੇ ਸਕੇ। ਪੰਜਾਬ ਅੰਦਰ ਅੱਗ ਲੱਗਣ ਦੀਆਂ ਇਨ੍ਹਾਂ ਘਟਨਾਵਾਂ ਦੀ ਲਪੇਟ 'ਚ ਆਉਣ ਕਰਕੇ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਕਣਕਾਂ ਨੂੰ ਅੱਗ ਲੱਗਣ ਪਿੱਛੇ ਮੁੱਖ ਕਾਰਨ ਬਿਜਲੀ ਦੀਆਂ ਢਿੱਲੀਆਂ ਤਾਰਾਂ ਅਤੇ ਜੋੜਾਂ 'ਚੋਂ ਚੰਗਿਆੜੇ ਨਿਕਲਣੇ, ਨੀਰ੍ਹਾ ਬਣਾਉਂਦੇ ਸਮੇਂ ਡਰਾਮੀ, ਰੀਪਰ-ਟਰੈਕਟਰ, ਕੰਬਾਈਨ ਆਦਿ 'ਚੋਂ ਅੱਗ ਦੇ ਪਤੰਗੇ ਬਾਹਰ ਆਉਣੇ, ਬੀੜੀ-ਸਿਗਰਟ ਦੇ ਨਾਲ ਹੀ ਕਣਕ ਦੇ ਨਾੜ ਨੂੰ ਲਾਈ ਅੱਗ ਵੀ ਕਈ ਵਾਰ ਖੜ੍ਹੀ ਕਣਕ ਨੂੰ ਆਪਣੀ ਲਪੇਟ 'ਚ ਲੈ ਲੈਂਦੀ ਹੈ, ਜਿਸ ਕਰਕੇ ਕਣਕ ਦੀ ਕਟਾਈ ਕਰਨ ਅਤੇ ਤੂੜੀ ਬਣਾਉਣ ਸਮੇਂ ਅੱਗ ਦੀਆਂ ਚੰਗਿਆੜੀਆਂ ਵੱਲ ਖਾਸ ਧਿਆਨ ਦੇਣ। ਪਰ ਸਰਕਾਰਾਂ ਅਤੇ ਪ੍ਰਸ਼ਾਸਨ ਖੇਤਾਂ 'ਚ ਖੜ੍ਹੇ ਅਨਾਜ ਨੂੰ ਅੱਗ ਲੱਗਣ ਸਮੇਂ ਹੀ ਜਾਗਦੇ ਹਨ। ਹੋਰਨਾਂ ਗੈਰ-ਕੁਦਰਤੀ ਆਫਤਾਂ ਦੀ ਤਰ੍ਹਾਂ ਕਿਸਾਨਾਂ ਦੇ ਇਸ ਨੁਕਸਾਨ ਨੂੰ ਬਚਾਉਣ ਲਈ ਕੋਈ ਅਗੇਤੇ ਪ੍ਰਬੰਧ ਨਹੀਂ ਕੀਤੇ ਜਾਂਦੇ। ਸਿਰਫ ਬਿਆਨਬਾਜ਼ੀਆਂ ਅਤੇ ਮੁਆਵਜ਼ਾ ਦੇਣ ਦੀ ਗੱਲ ਕਰਕੇ ਅੱਗ ਲੱਗਣ ਦੀਆਂ ਘਟਨਾਵਾਂ ਉੱਪਰ ਮਿੱਟੀ ਪਾ ਦਿੱਤੀ ਜਾਂਦੀ ਹੈ। ਪੰਜ ਹਜ਼ਾਰ ਰੁਪਏ ਪ੍ਰਤੀ ਏਕੜ ਦਾ ਮੁਆਵਜ਼ਾ ਦੇਣ ਦਾ ਐਲਾਨ ਕਰਕੇ ਸਰਕਾਰਾਂ ਕਿਸਾਨਾਂ ਨਾਲ ਕੋਝਾ ਮਜ਼ਾਕ ਹੀ ਨਹੀਂ ਕਰਦੀਆਂ, ਸਗੋਂ ਸੋਨੇ ਵਰਗੇ ਖੇਤਾਂ ਨੂੰ ਲੱਗੀ ਅੱਗ ਨਾਲ ਹੋਏ ਜ਼ਖਮਾਂ ਉੱਪਰ ਲੂਣ ਵੀ ਭੁੱਕਦੀਆਂ ਹਨ। ਜੇਕਰ ਬਿਜਲੀ ਬੋਰਡ ਦੀ ਜਾਂ ਫਿਰ ਕਿਸੇ ਹੋਰ ਮਨੁੱਖੀ ਗਲਤੀ ਕਾਰਨ ਖੇਤ 'ਚ ਖੜ੍ਹੀ ਕਣਕ ਨੂੰ ਅੱਗ ਲੱਗਣ ਦੀ ਘਟਨਾ ਵਾਪਰਦੀ ਹੈ ਅਤੇ ਕੁਦਰਤੀ ਵਰਤਾਰੇ ਕਾਰਨ ਨੁਕਸਾਨ ਹੋ ਜਾਂਦਾ ਹੈ, ਤਾਂ ਸਰਕਾਰ ਨੂੰ ਘੱਟੋ-ਘੱਟ 30 ਹਜ਼ਾਰ ਰੁਪਏ ਪ੍ਰਤੀ ਏਕੜ ਦੇਣਾ ਚਾਹੀਦਾ ਹੈ। ਕਣਕ ਦੀ ਫਸਲ ਪੰਜਾਬ ਦੇ ਕਿਸਾਨ ਦੀ ਮੁੱਖ ਫਸਲ ਹੁੰਦੀ ਹੈ। ਜੇਕਰ ਇਹੋ ਫਸਲ ਅੱਗ ਦੀ ਲਪੇਟ 'ਚ ਆ ਜਾਂਦੀ ਹੈ ਤਾਂ ਕਿਸਾਨ ਸਾਰੀ ਉਮਰ ਸਿਰ ਚੜ੍ਹਿਆ ਆਪਣਾ ਕਰਜ਼ਾ ਨਹੀਂ ਉਤਾਰ ਸਕਦਾ। ਜੇਕਰ ਹਾੜੀ ਦੀ ਫਸਲ ਦੌਰਾਨ ਕਿਸਾਨ ਦੀ ਕਣਕ ਦਾ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਦੂਹਰੀ ਮਾਰ ਝੱਲਣੀ ਪੈਂਦੀ ਹੈ। ਇਕ ਪਾਸੇ ਤਾਂ ਕਣਕ ਅੱਗ ਦੀ ਭੇਟ ਚੜ੍ਹ ਜਾਂਦੀ ਹੈ, ਦੂਜੇ ਪਾਸੇ ਕਿਸਾਨ ਨੂੰ ਆਪਣੇ ਪਰਿਵਾਰ ਅਤੇ ਪਸ਼ੂਆਂ ਵਾਸਤੇ ਕਣਕ ਮੁੱਲ ਖਰੀਦਣੀ ਪੈਂਦੀ ਹੈ। ਸਰਕਾਰ ਨੂੰ ਅੱਗ ਤੋਂ ਬਚਾਅ ਦੇ ਪਹਿਲਾਂ ਹੀ ਪ੍ਰਬੰਧ ਕਰਨੇ ਚਾਹੀਦੇ ਹਨ। ਹਾੜ੍ਹੀ ਦੇ ਸੀਜ਼ਨ ਦੌਰਾਨ ਕਣਕ ਦੀ ਫਸਲ ਨੂੰ ਲੱਗਣ ਵਾਲੀਆਂ ਅੱਗਾਂ ਨੂੰ ਰੋਕਣ ਲਈ ਸਰਕਾਰ ਜਾਂ ਪ੍ਰਸ਼ਾਸਨ ਵਲੋਂ ਕੋਈ ਪ੍ਰਬੰਧ ਨਹੀਂ ਕੀਤੇ ਜਾਂਦੇ। ਅੱਗ ਬੁਝਾਊ ਗੱਡੀਆਂ ਜ਼ਿਲ੍ਹਿਆਂ 'ਚ ਖੜ੍ਹੀਆਂ ਰਹਿੰਦੀਆਂ ਹਨ, ਜਿਨ੍ਹਾਂ 'ਚੋਂ ਬਹੁਤੀਆਂ ਚਲਦੀਆਂ ਹੀ ਨਹੀਂ। ਕਣਕ ਦੇ ਸੀਜ਼ਨ ਦੌਰਾਨ ਸਰਕਾਰ ਨੂੰ ਸਬ-ਡਵੀਜਨ ਪੱਧਰ 'ਤੇ ਅੱਗ ਬੁਝਾਊ ਗੱਡੀਆਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤਾਂ ਕਿ ਲੋੜ ਪੈਣ 'ਤੇ ਬੁਲਾਇਆ ਜਾ ਸਕੇ। ਜੇਕਰ ਅੱਗ ਬੁਝਾਊ ਗੱਡੀਆਂ ਦਾ ਸਬ ਡਵੀਜ਼ਨ ਪੱਧਰ 'ਤੇ ਪ੍ਰਬੰਧ ਕੀਤਾ ਜਾਵੇ ਤਾਂ ਅਨਾਜ ਨੂੰ ਅੱਗ ਲੱਗਣ ਦੀਆਂ ਘਟਨਾਵਾਂ 'ਚ ਹੋਣ ਵਾਲੇ 50 ਫੀਸਦੀ ਨੁਕਸਾਨ ਨੂੰ ਬਚਾਇਆ ਜਾ ਸਕਦਾ ਹੈ, ਪਰ ਸਰਕਾਰਾਂ ਜਾਂ ਪ੍ਰਸ਼ਾਸਨ ਇਹੋ ਜਿਹੇ ਪ੍ਰਬੰਧ ਨਹੀਂ ਕਰਦੇ। ਇਨ੍ਹਾਂ ਦਿਨਾਂ 'ਚ ਤੇਜ਼ ਹਵਾਵਾਂ ਚੱਲਣ ਕਰਕੇ ਅੱਗ ਬਹੁਤ ਤੇਜ਼ੀ ਨਾਲ ਫੈਲਦੀ ਹੈ, ਜਿਸ ਉੱਪਰ ਕਾਬੂ ਪਾਉਣਾ ਸੌਖਾ ਕੰਮ ਨਹੀਂ ਹੁੰਦਾ। ਅੱਗ ਦੀਆਂ ਘਟਨਾਵਾਂ ਨੂੰ ਰੋਕਣ ਲਈ ਬਿਜਲੀ ਬੋਰਡ ਵਲੋਂ ਛੱਡੇ ਜਾਂਦੇ ਢਿੱਲੇ ਜੋੜ, ਤਾਰਾਂ ਆਦਿ ਨੂੰ ਹਾੜ੍ਹੀ ਦੇ ਸੀਜ਼ਨ ਤੋਂ ਪਹਿਲਾਂ ਠੀਕ ਕੀਤਾ ਜਾਣਾ ਚਾਹੀਦਾ ਹੈ। ਕਣਕ ਦੇ ਨਾੜ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਨੂੰ ਜਾਗ੍ਰਿਤ ਕਰਨ ਲਈ ਖੇਤੀਬਾੜੀ ਵਿਭਾਗ ਵਿਸ਼ੇਸ਼ ਉਪਰਾਲੇ ਕਰੇ, ਅੱਗ ਬੁਝਾਊ ਗੱਡੀਆਂ ਹਾੜੀ ਸੀਜ਼ਨ ਮੌਕੇ ਸਬ-ਡਵੀਜ਼ਨ ਪੱਧਰ 'ਤੇ ਜ਼ਰੂਰ ਹੋਣੀਆਂ ਚਾਹੀਦੀਆਂ ਹਨ। ਪੰਜਾਬ ਦੇ ਤਕਰੀਬਨ ਹਰ ਪਿੰਡ 'ਚ ਪਾਣੀ ਵਾਲੇ ਕੈਂਟਰ ਪੰਚਾਇਤੀ ਜਾਂ ਗੁਰੂ ਘਰਾਂ 'ਚ ਮੌਜੂਦ ਹਨ। ਪੰਚਾਇਤਾਂ ਨੂੰ ਵੀ ਚਾਹੀਦਾ ਹੈ ਕਿ ਇਨ੍ਹਾਂ ਪਾਣੀ ਦੇ ਕੈਂਟਰਾਂ ਨੂੰ ਵੀ ਹਰ ਸਮੇਂ ਭਰ ਰੱਖੀਏ ਤਾਂ ਜੋ ਲੋੜ ਪੈਣ 'ਤੇ ਇਸ ਦੀ ਵਰਤੋਂ ਕੀਤੀ ਜਾਵੇ। ਪਿੰਡਾਂ 'ਚ ਅੱਗ ਲੱਗਣ ਦੀ ਘਟਨਾ ਤੋਂ ਬਾਅਦ ਜਿੰਨੇ ਸਮੇਂ ਅੰਦਰ ਅੱਗ ਬੁਝਾਊ ਗੱਡੀ ਪਹੁੰਚਦੀ ਹੈ, ਉਸ ਤੋਂ ਪਹਿਲਾਂ ਹੀ ਅੱਗ ਕਾਬੂ ਤੋਂ ਬਾਹਰ ਹੋ ਜਾਂਦੀ ਹੈ ਪਰ ਅੱਜ ਤੱਕ ਕਣਕ ਦੇ ਸੀਜ਼ਨ ਦੌਰਾਨ ਸਰਕਾਰ ਨੇ ਇਹੋ ਜਿਹੇ ਕੋਈ ਪ੍ਰਬੰਧ ਨਹੀਂ ਕੀਤੇ, ਜਿਨ੍ਹਾਂ ਨਾਲ ਕਣਕ ਨੂੰ ਅੱਗ ਲੱਗਣ ਤੋਂ ਬਾਅਦ ਸੌਖਿਆਂ ਹੀ ਕਾਬੂ ਪਾਇਆ ਜਾ ਸਕੇ।

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਕਣਕ** : ਇਸ ਮਹੀਨੇ ਦੀ 10 ਤਰੀਕ ਤੱਕ, 5 ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ ਪਾਣੀ ਲਾ ਦਿਓ। ਬੱਦਲਵਾਈ, ਹਵਾ ਅਤੇ ਹਨ੍ਹੇਰੀ ਵਾਲੇ ਦਿਨ ਪਾਣੀ ਲਾਉਣ ਤੋਂ ਗੁਰੇਜ਼ ਕਰੋ।

**ਸੱਠੀਆਂ ਦਾਲਾਂ** : ਸੱਠੀ ਮੂੰਗੀ ਅਤੇ ਸੱਠੇ ਮਾਂਹ ਇਸ ਮਹੀਨੇ ਦੇ ਪਹਿਲੇ ਹਫਤੇ ਤੱਕ ਬੀਜ ਦਿਓ।

**ਕਪਾਹ** : ਇਹ ਸਮਾਂ ਕਪਾਹ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਜਾਂ ਦੋਗਲੀਆਂ ਕਿਸਮਾਂ ਜਾਂ ਬੀ ਟੀ ਨਰਮੇਂ ਦੀ ਬਿਜਾਈ ਲਈ ਢੁੱਕਵਾਂ ਹੈ। ਕਪਾਹ-ਨਰਮੇ ਦੇ ਫਸਲ ਵਿਚ ਨਾਗੇ ਭਰਨ ਲਈ ਲਿਫਾਫਿਆਂ ਵਿਚ ਬੀਜ ਲਗਾਉ। ਉਹ ਖੇਤ ਜਿਨ੍ਹਾਂ ਤੇ ਕਾਫੀ ਦੇਰ ਤੋਂ ਝੋਨੇ ਦੀ ਕਾਸ਼ਤ ਹੋ ਰਹੀ ਹੋਵੇ ਉੱਥੇ ਬੀਜਣ ਤੋਂ ਪਹਿਲਾਂ ਖੇਤ ਨੂੰ ਡੂੰਘਾ ਵਾਹੋ। ਵਧੀਆ ਜਮਾਅ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਕਰੋ।

**ਕਮਾਦ** : ਡੀਲਾ/ਮੋਥਾ ਦੀ ਰੋਕਥਾਮ ਲਈ 2, 4-ਡੀ ਸੋਡੀਅਮ ਸਾਲਟ 80 ਪ੍ਰਤੀਸ਼ਤ 800 ਗ੍ਰਾਮ ਨੂੰ 200 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਜੇਕਰ ਗੰਨੇ ਦੀ ਫਸਲ ਵਿੱਚ ਨਦੀਨ ਨਾਸ਼ਕ ਵਰਤੀ ਗਈ ਹੋਵੇ ਤਾਂ ਮੂੰਗੀ/ਮਾਂਹ ਦੀ ਰਲਵੀਂ ਫਸਲ ਨਾ ਬੀਜੋ। ਫਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ। ਮੋਢੀ ਫਸਲ ਨੂੰ 65 ਕਿਲੋ ਯੂਰੀਆ ਪ੍ਰਤੀ ਏਕੜ ਪਾਉ। ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ। ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ।

**ਸੂਰਜਮੁੱਖੀ** : ਵੱਧ ਰਹੇ ਤਾਪਮਾਨ ਨੂੰ ਦੇਖਦੇ ਹੋਏ, ਸੂਰਜਮੁੱਖੀ ਦੀ ਫਸਲ ਨੂੰ ਦੋ ਹਫਤੇ ਤੇ ਲੋੜ ਅਨੁਸਾਰ ਪਾਣੀ ਦਿਓ।

**ਚਾਰੇ** : ਹਾੜ੍ਹੀ ਦੀਆਂ ਫਸਲਾਂ ਦੀ ਕਟਾਈ ਖਤਮ ਹੁੰਦਿਆਂ ਹੀ ਅਗੇਤੇ ਚਾਰੇ ਲਈ ਬਾਜਰਾ, ਮੱਕੀ, ਰਵਾਂਹ ਆਦਿ ਦੀ ਬਿਜਾਈ ਕਰ ਦਿਉ। ਰਵਾਂਹ ਬਹੁਤ ਜਲਦੀ ਤਿਆਰ ਹੋਣ ਵਾਲਾ ਫਲੀਦਾਰ ਚਾਰਾ ਹੈ। ਇਹ ਮੱਕੀ ਅਤੇ ਬਾਜਰੇ ਨਾਲ ਰਲਾ ਕੇ ਬੀਜਿਆ ਜਾ ਸਕਦਾ ਹੈ। ਬਰਸੀਮ ਦੀ ਫਸਲ ਜਿਸ ਤੋਂ ਬੀਜ ਤਿਆਰ ਕਰਨਾ ਹੈ, ਦੀ ਅਖੀਰਲੀ ਕਟਾਈ ਇਸ ਮਹੀਨੇ ਵਿਚ ਲੈ ਲਉ। ਬੀਜ ਵਾਲੀ ਫਸਲ ਨੂੰ ਜਲਦੀ-ਜਲਦੀ ਪਾਣੀ ਦਿੰਦੇ ਰਹੋ। ਇਸ ਵਿੱਚੋਂ ਕਾਸ਼ਨੀ ਤੇ ਹੋਰ ਨਦੀਨਾਂ ਵਾਲੇ ਬੂਟੇ ਪੁੱਟਦੇ ਰਹੋ।

**ਸਬਜ਼ੀਆਂ** : ਇਹ ਸਮਾਂ ਖਰਬੂਜ਼ਾ, ਹਦਵਾਣਾ, ਕੱਦੂ ਅਤੇ ਹਲਵਾ ਕੱਦੂ ਦੀ ਨਰਸਰੀ ਨੂੰ ਪਹਿਲਾਂ ਤਿਆਰ ਖੇਤ ਵਿਚ ਲਗਾਉਣ ਲਈ ਢੁੱਕਵਾਂ ਹੈ। ਬੀਜਣ ਤੋਂ ਪਹਿਲਾਂ ਪਲਾਸਟਿਕ ਦੇ ਲਿਫਾਫੇ ਉਤਾਰ ਲਓ। ਘੀਆ ਕੱਦੂ ਦੀਆਂ ਪੰਜਾਬ ਬਰਕਤ, ਪੰਜਾਬ ਕੋਮਲ ਅਤੇ ਪੰਜਾਬ ਬਹਾਰ, ਚੱਪਣ ਕੱਦੂ ਦੀ ਚੱਪਣ ਕੱਦੂ ਨੰਬਰ 1, ਖਰਬੂਜ਼ੇ ਦੀਆਂ ਐਮ ਐਚ-27, ਐਮ ਐਚ-51, ਪੰਜਾਬ ਅਮ੍ਰਿਤ, ਪੰਜਾਬ ਸਰਦਾ ਅਤੇ ਹਰਾਮਧੂ, ਹਦਵਾਣੇ ਦੀ ਪੰਜਾਬ ਮਿਠਾਸ, ਟੀਂਡੇ ਦੀ ਪੰਜਾਬ ਟੀਂਡਾ-1, ਕਰੇਲੇ ਦੀ ਪੰਜਾਬ ਝਾੜ ਕਰੇਲਾ-1, ਪੰਜਾਬ ਕਰੇਲਾ-15 ਅਤੇ ਪੰਜਾਬ ਕਰੇਲੀ ਨੰ. 1, ਕਾਲੀ ਤੋਰੀ ਦੀ ਪੰਜਾਬ ਨਿਖਾਰ ਹਲਵਾ ਕੱਦੂ ਦੀਆਂ ਪੀ ਪੀ ਐਚ-1, ਪੰਜਾਬ ਨਵਾਬ ਅਤੇ ਪੰਜਾਬ ਮਗਜ਼ ਕੱਦੂ-1, ਖੀਰੇ ਦੀ ਪੰਜਾਬ ਨਵੀਨ ਕਿਸਮ ਢੁੱਕਵੀਂ ਹੈ। ਗਰਮ ਲਹਿਰ ਤੋਂ ਬਚਾਅ ਲਈ ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਜ਼ਰੂਰ ਕਰੋ।

**ਬਾਗਬਾਨੀ** : ਵੱਧ ਰਹੇ ਤਾਪਮਾਨ ਨੂੰ ਦੇਖਦੇ ਹੋਏ, ਬੇਰ, ਨਿੰਬੂ ਜਾਤੀ, ਆੜੂ ਅਤੇ ਅਲੂਚੇ ਦੇ ਬਾਗਾਂ ਨੂੰ ਹਲਕਾ ਪਾਣੀ ਲਗਾਓ ਅਤੇ ਸਿਫਾਰਿਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਪਾਓ। ਵੱਖ-ਵੱਖ ਫਲਦਾਰ ਬੂਟਿਆਂ ਨੂੰ ਲੱਗਣ ਵਾਲੇ ਰਸ ਚੂਸਣ ਵਾਲੇ ਕੀੜਿਆਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਸਿਫਾਰਿਸ਼ਾਂ ਮੁਤਾਬਿਕ ਛਿੜਕਾਅ ਕਰੋ। ਨਿੰਬੂ ਜਾਤੀ ਦੇ ਬੂਟਿਆਂ ਦਾ ਸਿੱਟਰਸਸਿੱਲਾ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰੋਕੋਡਾਈਲ/ਕੰਨਫੀਡੋਰ ਜਾਂ 160 ਗ੍ਰਾਮ ਐਕਟਾਰਾ/ਦੋਤਾਰਾ (ਥਾਇਆਮੈਥੋਕਸਮ) ਜਾਂ 6.25 ਲਿਟਰ ਮੈਕ ਐਚ.ਐਮ.ਓ (ਹਾਰਟੀਕਲਚਰ ਮਿਨਰਲਆਇਲ) ਨੂੰ 500 ਲਿਟਰ ਪਾਣੀ ਵਿਚ ਘੋਲ ਕੇ ਫੁੱਲ ਆਉਣ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

★ ਸਦਾ ਬਹਾਰ ਕਿਸਮਾਂ ਦੇ ਫਲਦਾਰ ਬੂਟਿਆਂ ਦੀ ਲਵਾਈ ਸ਼ੁਰੂ ਕਰ ਲਵੋ। ਨਿੰਬੂ ਜਾਤੀ ਵਿਚ ਗੂੰਦੀਆਂ (ਪੈਰ ਗਲਣਾ/ਹੇਠਾਂ ਤੋਂ ਤਣੇ ਦਾ ਗਲਣਾ) ਰੋਗ ਨੂੰ ਰੋਕਣ ਲਈ 25 ਗ੍ਰਾਮ ਕਰਜੇਟ ਐਮ-8 ਨੂੰ 10 ਲਿਟਰ ਪਾਣੀ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੇ ਆਲੇ-ਦੁਆਲੇ ਗੜੁੱਚ ਕਰੋ। ਇਸ ਤੋਂ ਇਲਾਵਾ ਇਸਦੀ ਰੋਕਥਾਮ ਲਈ ਸੋਡੀਅਮ ਹਾਈਪੋਕਲੋਰਾਈਟ (5%) 50 ਮਿ.ਲਿ. ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਮੁੱਢਾਂ ਅਤੇ ਛੱਤਰੀ ਹੇਠ ਛਿੜਕਿਆ ਜਾ ਸਕਦਾ ਹੈ।

★ ਅੰਬਾਂ ਵਿੱਚ ਚਿੱਟੋਂ ਦੀ ਰੋਕਥਾਮ ਲਈ ਇਸ ਮਹੀਨੇ ਕੈਰਾਥੇਨ 1.0 ਗ੍ਰਾਮ ਘੁਲਣਸ਼ੀਲ ਜਾਂ ਗੰਧਕ 2.5 ਗ੍ਰਾਮ ਜਾਂ 1.0 ਮਿ.ਲੀ. ਕੰਟਾਫ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਫੁੱਲ ਨਿਕਲਣ ਤੋਂ ਪਹਿਲਾਂ ਅਤੇ ਬਾਅਦ ਵਿਚ ਫੁੱਲ-ਪੱਤੀਆਂ ਅਤੇ ਬਾਅਦ ਵਿਚ ਫੁੱਲ-ਪੱਤੀਆਂ ਝੜਨ ਤੱਕ 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

★ ਅੰਬਾਂ ਵਿਚ ਛੜੱਪਾ ਮਾਰ ਤੇਲੇ ਦੀ ਰੋਕਥਾਮ ਲਈ 200 ਮਿਲੀਲਿਟਰ ਕੋਨਫੀਡੋਰ 17.8 ਐੱਸ. ਐੱਲ. (ਈਮਾਡਾਕਲੋਪਰਿਡ) ਨੂੰ 500 ਲਿਟਰ ਪਾਣੀ ਵਿਚ ਘੋਲ ਨਵਾਂ ਫਲ ਆਉਣ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

**ਪਸ਼ੂ ਪਾਲਣ** : ਪਸ਼ੂਆਂ ਦੀ ਉਤਪਾਦਨ ਸ਼ਕਤੀ ਸਹੀ ਰੱਖਣ ਲਈ ਉਨ੍ਹਾਂ ਨੂੰ ਵਾਤਾਵਰਣ ਦੇ ਦਬਾਅ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਇਸ ਖੁੱਲ੍ਹੇ, ਹਵਾਦਾਰ ਅਤੇ ਆਰਾਮ ਦੇਹ ਸ਼ੈੱਡ ਹੋਣੇ ਚਾਹੀਦੇ ਹਨ। ਚਿੱਚੜਾਂ ਤੋਂ ਬਚਾਉਣ ਲਈ ਸ਼ੈੱਡ ਅੰਦਰ (ਦੀਵਾਰਾਂ ਅਤੇ ਫਰਸ਼ ਉਪਰ) ਵੈਟਰਨਰੀ ਡਾਕਟਰ ਦੀ ਸਲਾਹ ਮੁਤਾਬਕ ਸਪਰੇਅ ਕਰੋ ਅਤੇ ਇਸਨੂੰ ਦੋ ਹਫਤੇ ਬਾਅਦ ਦੁਬਾਰਾ ਕਰੋ। ਲੇਵੇ ਦੀਆਂ ਬਿਮਾਰੀਆਂ ਤੋਂ ਬਚਾਉਣ ਲਈ ਲੇਵੇ ਨੂੰ ਸਾਫ ਅਤੇ ਸੁੱਕਾ ਰੱਖੋ। ਚੁਆਈ ਤੋਂ ਬਾਅਦ ਥਣਾਂ ਨੂੰ ਗਲੀਸਰੀਨ ਅਤੇ ਆਇਓਡੀਨ ਦੇ ਘੋਲ 1:4 ਦੇ ਅਨੁਪਾਤ ਵਿਚ ਡੋਬਾ ਜ਼ਰੂਰ ਦਿਉ ਤਾਂ ਜੋ ਕੀਟਾਣੂੰ ਥਣਾਂ ਅੰਦਰ ਨਾ ਜਾ ਸਕਣ। ਪਸ਼ੂਆਂ ਨੂੰ ਰੋਜ਼ਾਨਾ ਖੁਰਾਕ ਵਿਚ 40-50 ਗ੍ਰਾਮ ਧਾਤਾਂ ਦਾ ਚੂਰਾ (ਮਿਨਰਲ ਮਿਕਸਚਰ) ਜ਼ਰੂਰ ਦਿਉ। ਇਹ ਧਾਤਾਂ ਦਾ ਚੂਰਾ ਵੰਡ ਵਿਚ ਮਿਲਾ ਕੇ ਵੀ ਦਿੱਤਾ ਜਾ ਸਕਦਾ ਹੈ। ਮਿਨਰਲ ਮਿਕਸਚਰ ਨਾਲ ਪਸ਼ੂਆਂ ਦੀ ਰੋਗ ਪ੍ਰਤੀ ਰੋਧਕ ਸ਼ਮਤਾ ਵਧਦੀ ਹੈ ਅਤੇ ਦੁੱਧ ਦੀ ਜ਼ਿਆਦਾ ਪੈਦਾ ਹੁੰਦਾ ਹੈ। ਇਸ ਵਿਚ ਮੌਜੂਦ ਵੱਡੇ ਤੱਤ ਜਿਵੇਂ ਕੈਲਸ਼ੀਅਮ, ਫਾਸਫੋਰਸ ਆਦਿ ਅਤੇ ਲਘੂ ਤੱਤ ਜਿਵੇਂ ਤਾਂਬਾ ਕੋਬਾਲਟ ਆਦਿ ਪਸ਼ੂ ਦੀ ਸਿਹਤ ਬਰਕਰਾਰ ਰੱਖਦੇ ਹਨ।



# ਕਿਸਾਨਾਂ ਲਈ

# ਅਪ੍ਰੈਲ ਦਾ ਦੂਜਾ ਪੰਦਰਵਾੜਾ

ਡਾ. ਰਣਜੀਤ ਸਿੰਘ

ਕਣਕ ਦੀ ਵਾਢੀ ਸ਼ੁਰੂ ਹੋ ਗਈ ਹੈ। ਜੇਕਰ ਕੰਬਾਈਨ ਨਾਲ ਵਾਢੀ ਕਰਵਾਉਣੀ ਹੈ ਤਾਂ ਖੇਤ ਵਿਚ ਖੜੇ ਨਾੜ ਨੂੰ ਅੱਗ ਨਾ ਲਗਾਵੋ । ਇਸ ਨਾਲ ਵਾਤਾਵਰਣ ਹੀ ਪਲੀਤ ਨਹੀਂ ਹੁੰਦਾ ਸਗੋਂ ਧਰਤੀ ਦੀ ਉਪਜਾਊ ਸ਼ਕਤੀ ਵੀ ਨਸ਼ਟ ਹੁੰਦੀ ਹੈ । ਅੱਗ ਲਗਾਉਣਾ ਕਾਨੂੰਨੀ ਤੌਰ ਉੱਤੇ ਜ਼ੁਰਮ ਵੀ ਹੈ । ਇਸ ਨੂੰ ਕੱਟ ਕੇ ਤੂੜੀ ਬਣਾਵੋ ਤੇ ਪੈਸੇ ਕਮਾਵੋ । ਮੰਡੀ ਵਿਚ ਸਾਫ-ਸੁਥਰੀ ਕਣਕ ਲੈ ਕੇ ਜਾਵੋ । ਜਦੋਂ ਬੋਲੀ ਹੋਵੇ ਜਾਂ ਕਣਕ ਦੀ ਸਫਾਈ ਹੋਣ ਤਾਂ ਉੱਥੇ ਤੁਹਾਡੀ ਹਾਜ਼ਰੀ ਜ਼ਰੂਰੀ ਹੈ । ਤੁਲਾਈ ਵੀ ਆਪਣੇ ਸਾਹਮਣੇ ਕਰਵਾਓ । ਫਸਲ ਦੀ ਵਿਕਰੀ ਪਿੱਛੋਂ ਆੜ੍ਹਤੀਏ ਕੋਲੋਂ ਜੇ ਜ਼ਰੂਰ ਲਵੋ । ਇਸ ਫਾਰਮ ਵਿਚ ਫਸਲ ਦੀ ਵਿਕਰੀ ਦਾ ਪੂਰਾ ਵੇਰਵਾ ਹੋਣਾ ਚਾਹੀਦਾ ਹੈ । ਕਣਕ ਵਿਚ ਨਮੀਂ ਦੀ ਮਾਤਰਾ 12% ਤੋਂ ਵੱਧ ਨਹੀਂ ਹੋਣੀ ਚਾਹੀਦੀ ਜੇਕਰ ਵਧ ਮਾਤਰਾ ਹੈ ਤਾਂ ਵੇਚਣ ਵਿਚ ਦਿੱਕਤ ਆਵੇਗੀ ਅਤੇ ਨਮੀਂ ਕਾਰਨ ਕੱਟ ਵੀ ਲਗਾਇਆ ਜਾ ਸਕਦਾ ਹੈ ।

ਨਵੇਂ ਬੀਜੇ ਕਮਾਦ ਦੀ ਗੋਡੀ ਕਰੋ । ਜਦੋਂ ਕਮਾਦ ਉੱਗ ਪਵੇ ਤਾਂ ਲਾਈਨਾਂ ਵਿਚਕਾਰ ਸੁੱਕਾ ਘਾਹ ਫੂਸ ਜਾਂ ਪਰਾਲੀ ਵਿਛਾ ਦੇਵੋ । ਇਸ ਨਾਲ ਨਦੀਨਾਂ ਦੀ ਰੋਕਥਾਮ ਹੋਵੇਗੀ ਅਤੇ ਪਾਣੀ ਦੀ ਵੀ ਬੱਚਤ ਹੋ ਸਕੇਗੀ । ਇਹ ਦਿਨ ਭਾਵੇਂ ਤੁਹਾਡੇ ਲਈ ਰੁਝੇਵਿਆਂ ਭਰੇ ਹਨ । ਤੁਸੀਂ ਮਿਹਨਤ ਨਾਲ ਪਾਲੀ ਕਣਕ ਦੀ ਸਾਂਭ ਸੰਭਾਲ ਕਰਨੀ ਹੈ, ਪਰ ਫਿਰ ਵੀ ਜੇ ਹੋ ਸਕੇ ਤਾਂ ਕੁਝ ਰਕਬੇ ਵਿਚ ਸਬਜ਼ੀਆਂ ਦੀ ਕਾਸ਼ਤ ਜ਼ਰੂਰ ਕਰੋ । ਇਸ ਹਫਤੇ ਜੇਕਰ ਬੈਂਗਣਾਂ ਦੀ ਪਨੀਰੀ ਤਿਆਰ ਹੋ ਤਾਂ ਉਹ ਪੁੱਟ ਕੇ ਖੇਤ ਵਿਚ ਲਗਾਈ ਜਾ ਸਕਦੀ ਹੈ । ਪਾਲਕ, ਮੂਲੀ ਅਤੇ ਹਲਦੀ ਦੀ ਬਿਜਾਈ ਲਈ ਵੀ ਇਹ ਢੁੱਕਵਾਂ ਸਮਾਂ ਹੈ । ਪੰਜਾਬ ਨੀਲਮ ਤੇ ਬੀ ਐਚ-2, ਪੀ ਬੀ ਐੱਚ ਆਰ-41, ਪੀ ਬੀ ਐੱਚ-6, ਗੋਲ ਬੈਂਗਣ ਦਾ ਦੀਆਂ ਕੁੱਝ ਕਿਸਮਾਂ ਹਨ । ਪੀ ਬੀ ਐੱਚ-6 ਇਕ ਦੋਗਲੀ ਕਿਸਮ ਹੈ ਤੇ ਇਸ ਤੋਂ ਇਕ ਏਕੜ ਵਿਚ ਕੋਈ 278 ਕੁਇੰਟਲ ਬੈਂਗਣ ਪ੍ਰਾਪਤ ਹੋ ਜਾਂਦੇ ਹਨ । ਪੰਜਾਬ ਸਦਾਬਹਾਰ, ਪੰਜਾਬ ਰੌਣਕ, ਪੀ ਬੀ ਐੱਚ-5, ਪੀ ਬੀ ਐੱਚ-4 ਲੰਬੇ ਬੈਂਗਣਾਂ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ । ਪੀ ਬੀ ਐੱਚ-3 ਬੈਂਗਣੀ ਦੀਆਂ ਦੋਗਲੀਆਂ ਕਿਸਮਾਂ ਹਨ । ਇਨ੍ਹਾਂ ਤੋਂ 250 ਕੁਇੰਟਲ ਪ੍ਰਤੀ ਏਕੜ ਤੋਂ ਵੀ ਵੱਧ ਝਾੜ ਪ੍ਰਾਪਤ ਹੋ ਜਾਂਦਾ ਹੈ । ਪੰਜਾਬ ਨਗੀਨਾ ਅਤੇ ਪੰਜਾਬ ਭਰਪੂਰ ਵੀ ਬੈਂਗਣੀ ਦੀਆਂ ਹੀ ਕਿਸਮਾਂ ਹਨ । ਪਨੀਰੀ ਲਗਾਉਂਦੇ ਸਮੇਂ ਲਾਈਨਾਂ ਵਿਚਕਾਰ 60 ਅਤੇ ਬੂਟਿਆਂ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ । ਪਾਲਕ ਦੀ ਕਾਸ਼ਤ ਸਾਰਾ ਸਾਲ ਹੀ ਕੀਤੀ ਜਾ ਸਕਦੀ ਹੈ । ਹੁਣ ਵੀ ਇਸ ਦੀ ਬਿਜਾਈ ਹੋ ਸਕਦੀ ਹੈ । ਪੰਜਾਬ ਗਰੀਨ ਸਿਫਾਰਸ਼ ਕੀਤੀ ਕਿਸਮਾਂ ਹੈ । ਬਿਜਾਈ ਸਮੇਂ ਇਕ ਏਕੜ ਵਿਚ 14 ਕਿਲੋ ਬੀਜ ਪਾਵੋ । ਲਾਈਨਾਂ ਵਿਚਕਾਰ ਫਾਸਲਾ 20 ਸੈਂਟੀਮੀਟਰ ਰੱਖਿਆ ਜਾਵੇ । ਮੂਲੀ ਦੀ ਹੁਣ ਬਿਜਾਈ ਲਈ ਪੂਸਾ ਚੇਤਕੀ ਕਿਸਮ ਬੀਜੋ । ਮੂਲੀ ਦਾ ਇਕ ਏਕੜ ਲਈ ਪੰਜ ਕਿਲੋ ਬੀਜ ਚਾਹੀਦਾ ਹੈ ।

ਸ਼ਕਰਕੰਦੀ ਦੀ ਜੇਕਰ ਪਨੀਰੀ ਤਿਆਰ ਹੈ ਤਾਂ ਹੁਣ ਉਸ ਨੂੰ ਪੁੱਟ ਕੇ ਲਗਾਇਆ ਜਾ ਸਕਦਾ ਹੈ । ਪੰਜਾਬ ਸ਼ਕਰਕੰਦੀ-21 ਸਿਫਾਰਸ਼ ਕੀਤੀ ਗਈ ਕਿਸਮ ਹੈ । ਇਸ ਵਾਰ ਘੱਟੋ ਘੱਟ ਘਰ ਦੀ ਵਰਤੋਂ ਲਈ ਕੁਝ ਰਕਬੇ ਵਿਚ ਸਬਜ਼ੀਆਂ ਦੀ ਕਾਸ਼ਤ ਜ਼ਰੂਰ ਕਰੋ । ਜੇਕਰ ਕੁਝ ਰਕਬਾ ਖਾਲੀ ਹੈ ਤਾਂ ਉੱਥੇ ਇਸ ਹਫਤੇ ਮੂੰਗੀ ਤੇ ਮਾਂਹ ਬੀਜੇ ਜਾ ਸਕਦੇ ਹਨ । ਪਰ ਇਸ ਵਿਚ ਹੋਰ ਦੇਰੀ ਨਹੀਂ ਹੋਣੀ ਚਾਹੀਦੀ । ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਫਸਲ ਪੱਕ ਜਾਂਦੀ ਹੈ । ਇੰਝ ਘਰ ਦੀਆਂ ਦਾਲਾਂ ਪ੍ਰਾਪਤ ਹੋ ਜਾਣਗੀਆਂ । ਐੱਸ ਐੱਮ ਐੱਲ-1827, ਐੱਸ ਐੱਮ ਐੱਲ-832 ਮੂੰਗੀ ਦੀਆਂ ਉੱਨਤ ਕਿਸਮਾਂ ਹਨ । ਇਨ੍ਹਾਂ ਤੋਂ ਪੰਜ ਕੁਇੰਟਲ ਤੱਕ ਝਾੜ ਪ੍ਰਾਪਤ ਹੋ ਜਾਂਦਾ ਹੈ । ਮਾਂਹ-1137 ਅਤੇ ਮਾਂਹ 1008 ਮਾਹਾਂ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ । ਮੂੰਗੀ ਦਾ 15 ਕਿਲੋ ਅਤੇ ਮਾਹਾਂ ਦਾ 20 ਕਿਲੋ ਬੀਜ ਨੂੰ ਬੀਜਣ ਤੋਂ ਪਹਿਲਾਂ ਟੀਕਾ ਜ਼ਰੂਰ ਲਗਾ ਲਵੋ ।

ਰਵਾਂਹ ਇੱਕ ਚਾਰੇ ਦੀ ਫਸਲ ਹੈ ਪਰ ਇਸ ਦੀਆਂ ਫੁੱਲੀਆਂ ਨੂੰ ਸਬਜ਼ੀ ਲਈ ਵੀ ਬੀਜਿਆ ਜਾ ਸਕਦਾ ਹੈ । ਜੇਕਰ ਨਿਰੋਲ ਬਿਜਾਈ ਕਰਨੀ ਹੈ ਤਾਂ ਸੀ ਐੱਲ 367 ਕਿਸਮ ਦਾ 17 ਕਿਲੋ ਅਤੇ ਰਵਾਂਹ-88 ਕਿਸਮ ਦਾ 25 ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ । ਇਸ ਦੀਆਂ ਹਰੀਆਂ ਫਲੀਆਂ ਨੂੰ ਸਬਜ਼ੀ ਲਈ ਵੇਚਿਆ ਜਾ ਸਕਦਾ ਹੈ ।

ਪਿਛਲੇ ਕੁਝ ਸਾਲਾਂ ਤੋਂ ਪੰਜਾਬ ਵਿਚ ਕਿਸਾਨਾਂ ਨੇ ਹਲਦੀ ਦੀ ਸਫਲ ਖੇਤੀ ਕੀਤੀ ਹੈ । ਜੇਕਰ ਤੁਸੀਂ ਹਲਦੀ ਬੀਜਣਾ ਚਾਹੁੰਦੇ ਹੋ ਹੁਣ ਇਹ ਢੁੱਕਵਾਂ ਸਮਾਂ ਹੈ । ਇਸ ਦੀ ਬਿਜਾਈ ਲਈ ਤਾਜ਼ੀਆਂ, ਰੋਗ ਰਹਿਤ ਅਤੇ ਇਕੋ ਜਿਹੇ ਆਕਾਰ ਦੀਆਂ ਇਕ ਏਕੜ ਲਈ ਕੋਈ ਸੱਤ ਕੁਇੰਟਲ ਗੰਢੀਆਂ ਚਾਹੀਦੀਆਂ ਹਨ । ਵੱਟਾਂ ਵਿਚਕਾਰ ਫਾਸਲਾ 45 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫਾਸਲਾ 15 ਸੈਂਟੀਮੀਟਰ ਰੱਖਿਆ ਜਾਵੇ । ਪੰਜਾਬ ਵਿਚ ਕਾਸ਼ਤ ਲਈ ਪੰਜਾਬ ਹਲਦੀ-1 ਅਤੇ ਪੰਜਾਬ ਹਲਦੀ-2 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ । ਇਕ ਏਕੜ ਵਿੱਚੋਂ 100 ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਹੋ ਜਾਂਦਾ ਹੈ ।

ਬਿਜਾਈ ਪਿੱਛੋਂ ਪਾਣੀ ਦੇਵੋ । ਜਦੋਂ ਤੱਕ ਗੰਢੀਆਂ ਉੱਗ ਨਾ ਪੈਣ ਖੇਤ ਨੂੰ ਗਿੱਲਾ ਰੱਖਿਆ ਜਾਵੇ । ਹਲਦੀ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਜੀਵਾਣੂ ਖਾਦ ਤਿਆਰ ਕੀਤੀ ਹੈ । ਬਿਜਾਈ ਸਮੇਂ ਇਹ ਚਾਰ ਕਿਲੋ ਪ੍ਰਤੀ ਏਕੜ ਪਾ ਦੇਣੀ ਚਾਹੀਦੀ ਹੈ । ਸਾਰੀਆਂ ਸਬਜ਼ੀਆਂ ਦੇਸੀ ਰੂੜੀ ਨੂੰ ਬਹੁਤ ਮੰਨਦੀਆਂ ਹਨ । ਇਸ ਕਰਕੇ ਖੇਤ ਤਿਆਰ ਕਰਨ ਤੋਂ ਪਹਿਲਾਂ ਘੱਟੋ ਘੱਟ 10 ਟਨ ਰੂੜੀ ਪ੍ਰਤੀ ਏਕੜ ਜ਼ਰੂਰ ਪਾਈ ਜਾਵੇ । ਹਲਦੀ ਨੂੰ ਨਾਈਟ੍ਰੋਜਨ ਵਾਲੀ ਖਾਦ ਦੀ ਖਾਸ ਲੋੜ ਨਹੀਂ ਹੈ । ਇਸ ਕਰਕੇ ਬਿਜਾਈ ਸਮੇਂ 60 ਕਿਲੋ ਸਿੰਗਲ ਸੁਪਰਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਈ ਜਾਵੇ । ਨਦੀਨਾਂ ਦੀ ਰੋਕਥਾਮ ਲਈ ਇਕ ਜਾਂ ਦੋ ਗੋਡੀਆਂ ਕਰੋ । ਇਹ ਫਸਲ ਤਿਆਰ ਹੋਣ ਵਿਚ ਕੋਈ ਸੱਤ-ਅੱਠ ਮਹੀਨੇ ਲੈਂਦੀ ਹੈ ।

ਪੰਜਾਬ ਵਿਚ ਕਦੇ ਰੇਤ ਤੇ ਟਿੱਬੇ ਮੂੰਗਫਲੀ ਦੀ ਪੈਦਾਵਾਰ ਲਈ ਪ੍ਰਸਿੱਧ ਸਨ, ਪਰ ਹੁਣ ਟਿੱਬੇ ਨਹੀਂ ਰਹੇ, ਇਸ ਕਰਕੇ ਮੂੰਗਫਲੀ ਹੇਠ ਰਕਬਾ ਵੀ ਚੋਖਾ ਘੱਟ ਗਿਆ ਹੈ । ਪੰਜਾਬ ਵਿਚ ਹੁਣ ਕੇਵਲ 1600 ਹੈਕਟੇਅਰ ਧਰਤੀ ਉੱਤੇ ਹੀ ਮੂੰਗਫਲੀ ਦੀ ਕਾਸ਼ਤ ਕੀਤੀ ਹੁੰਦੀ ਹੈ । ਜੇਕਰ ਮੂੰਗਫਲੀ ਦੀ ਕਾਸ਼ਤ ਕਰਨੀ ਹੈ ਤਾਂ ਇਸ ਮਹੀਨੇ ਦੇ ਅਖੀਰ ਵਿਚ ਇਸ ਦੀ ਬਿਜਾਈ ਕੀਤੀ ਜਾ ਸਕਦੀ ਹੈ । ਪੰਜਾਬ ਵਿਚ ਕਾਸ਼ਤ ਲਈ ਜੇ 87, ਟੀ ਜੀ 37 ਏ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ । ਇਨ੍ਹਾਂ ਨੂੰ ਕੋਈ 12 ਕੁਇੰਟਲ ਝਾੜ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ ਤੇ ਇਹ ਕੋਈ 100 ਦਿਨਾਂ ਦੀ ਪੁੱਟਣ ਲਈ ਤਿਆਰ ਹੋ ਜਾਂਦੀਆਂ ਹਨ । ਇਕ ਏਕੜ ਲਈ 40 ਕਿਲੋ ਬੀਜ ਕਾਫੀ ਹੈ । ਬਿਜਾਈ ਲਈ ਰੋਗ ਰਹਿਤ ਸਾਬਤ ਗਿਰੀਆਂ ਦੀ ਵਰਤੋਂ ਕਰੋ । ਬੀਜਣ ਤੋਂ ਪਹਿਲਾਂ ਗਿਰੀਆਂ ਨੂੰ ਪੰਜ-ਪੰਜ ਗ੍ਰਾਮ ਥੀਰਮ ਪ੍ਰਤੀ ਕਿਲੋ ਬੀਜ ਨਾਲ ਜਾਂ ਤਿੰਨ ਗ੍ਰਾਮ ਇੰਡੋਫਿਲ ਐਮ-45 ਪ੍ਰਤੀ ਕਿਲੋ ਨਾਲ ਸੋਧ ਲਵੋ । ਬਿਜਾਈ ਸਮੇਂ ਕਤਾਰਾਂ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ । ਮੂੰਗਫਲੀ ਦੀ ਬਿਜਾਈ ਸਮੇਂ 50 ਕਿਲੋ ਜਿਪਸਮ ਪ੍ਰਤੀ ਏਕੜ ਜ਼ਰੂਰ ਪਾਇਆ ਜਾਵੇ । ਨਰਮੇ ਅਤੇ ਕਪਾਹ ਦੀ ਬਿਜਾਈ ਹੁਣ ਪੂਰੀ ਕਰ ਲੈਣੀ ਚਾਹੀਦੀ ਹੈ ।

